INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਆਤਮ ਮਾਰਗ

ਫਰਵਰੀ 2025

ਛੇਵੇਂ ਪਾਤਸ਼ਾਹ ਬਾਗ ਵਿਚੋਂ
ਇਕ ਫੁੱਲ ਟੁੱਟਣ 'ਤੇ
ਸੱਤਵੇਂ ਪਾਤਸ਼ਾਹ ਨੂੰ ਉਪਦੇਸ਼
ਦਿੰਦੇ ਹੋਏ -
ਸੁਨਿ ਸ੍ਰੀ ਮੁਖ ਤੇ ਸੁਮਤਿ ਬਤਾਵੈਂ।
ਜੋ ਦੀਰਘ ਜਾਮਾ ਗਰ ਪਾਵੈ।
ਕਯੋਂ ਨ ਸੰਕੋਚਿ ਸੰਭਾਰਿ ਚਲੰਤੇ?
ਜਿਹ ਪਸਰਤਿ ਗਨ ਬਿਘਨ ਪਰੰਤੇ।

Founder : Shriman Sant Baba Waryam Singh Ji and Mata Ranjit Kaur Ji

GURU GOBIND SINGH VIDYA MANDIR SR. SEC. SCHOOL

C.B.S.E. Affiliated

Best School in the Region

ADMISSIONS OPEN

PLAYWAY To IX & XI

(SCIENCE, COMMERCE & HUMANITIES)

LIMITED SEATS

Affordable Fee Structure

- Day starts with Japuji Sahib Path, Ardas and Naam Simran
- Classrooms under CCTV Camera
- Excellent Board Results
- Well-equipped Labs to cater to Physical, Chemical, Biological & Technological aspects of life
- Focus on Confidence Building and Communication Skills
- Practical based Educational Learning Experience
- In-House Training Programmes for Teachers
- Green, Safe and Eco-friendly Environment
- Sikh Martial Arts - Gatka for Boys & Girls
- Divinity Classes / Gurbani / Kirtan
- Mobile Equipped Transport Facility
- Language Lab
- Smart Classrooms
- Cricket Academy
- NCC & NSS Wing
- Well-Stocked Library
- Excellent Sports Facilities
- Inclusion of Moral Values
- Divine Environment

ggsvmschool

GGSVM Sr. Sec. School Ratwara Sahib

Guru Gobind Singh Vidya Mandir School Ratwara Sahib

E-mail : ggsvmschool@yahoo.in

Website : www.ggsvm.com

RATWARA SAHIB, PO MULLANPUR GARIBDAS (NEW CHANDIGARH) DISTT. S.A.S. NAGAR

Contact : 0160-2255003, 97813-34004, 97813-30153

ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਫਰਵਰੀ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

ਚੇਅਰਮੇਨ

ਸੰਤ ਬਾਬਾ ਲਖਬੀਰ ਸਿੰਘ ਜੀ
ਮੈਨੇਜਿੰਗ ਐਡੀਟਰ

ਭਾਈ (ਡਾ.) ਸੁਖਵਿੰਦਰ ਸਿੰਘ

ਐਡੀਟਰ-ਇਨ-ਚੀਫ

ਬਾਬਾ ਹਰਪਾਲ ਸਿੰਘ ਜੀ
ਚੀਫ ਐਡੀਟਰ

ਡਾ. ਜਗਜੀਤ ਸਿੰਘ

ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

Postal Address for any Enquiry, Money Order, Cheque and drafts :

'ATAM MARG' MAGAZINE

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ (20 ਸਾਲ)	ਫੀ ਕਾਪੀ
300/-	3000/	30/-
320/-	3020/-	(For outstation cheques)

SUBSCRIPTION FOREIGN (ਵਿਦੇਸ਼)

Annual	Life (20 years)
4500/-	45000/-

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385
98147-12900

ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

9417214378, 9417214384

ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੇਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

ਤੱਤਕਰਾ

1. **ਸੰਪਾਦਕੀ** 5
ਭਾਈ (ਡਾ.) ਸੁਖਵਿੰਦਰ ਸਿੰਘ

2. **ਬਾਰਹ ਮਾਹਾ** 7
ਭਾਈ (ਡਾ.) ਸੁਖਵਿੰਦਰ ਸਿੰਘ

3. **ਮੰਝ ਪਿਆਰਾ ਗੁਰੂ ਨੂੰ.....।** 10
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

4. **ਚਿਤ ਨਾ ਭਯੋ ਹਮਰੋ ਆਵਨ ਕਹ** 18
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

5. **ਚਉਥੈ ਪਹਰਿ ਸਬਾਹ ਕੈ...॥** 28
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

6. **ਇਹ ਬਾਣੀ ਜੋ ਜੀਅਹੁ ਜਾਣੈ** 35
ਤਿਸੁ ਅੰਤਰਿ ਰਵੈ ਹਰਿ ਨਾਮਾ ॥
ਸੰਤ ਬਾਬਾ ਹਰਪਾਲ ਸਿੰਘ ਜੀ

7. **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** 39
ਡਾ. ਜਗਜੀਤ ਸਿੰਘ

8. **ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ-ਜੀਵਨ ਤੇ ਕੋਮਲਤਾ** 42
ਪ੍ਰੋ. ਜੋਗਿੰਦਰ ਸਿੰਘ

9. **ਭਗਤ ਰਵਿਦਾਸ ਜੀ ਦਾ ਸਮਾਨਤਾ ਦਾ ਪੈਗਾਮ** 46
ਡਾ. ਕੀਰਤ ਸਿੰਘ ਇਨਕਲਾਬੀ

10. **ਗੁਰਬਾਣੀ ਅਰਥ ਭੰਡਾਰ** 48
ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ

11. **ਪ੍ਰਗਟਿਓ ਖਾਲਸਾ** 51
ਪ੍ਰੋ. ਗੁਰਦੇਵ ਸਿੰਘ

12. **ਗੁਰ ਨਾਨਕ ਆਗਮਨ** 54
ਡਾ. ਭਾਈ ਵੀਰ ਸਿੰਘ ਜੀ

13. **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

ਸੰਪਾਦਕੀ

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥
ਰਾਮ ਨਾਮੁ ਰਾਖੈ ਉਰ ਧਾਰੇ ॥ ਅੰਗ - ੧੧੭੬

ਭਾਰਤ ਵਰਸ਼ ਵਿਚ ਮੌਸਮ ਦੀ ਅਦਲਾ ਬਦਲੀ ਕਾਰਨ ਛੇ ਰੁੱਤਾਂ ਆਉਂਦੀਆਂ ਹਨ। ਇਨ੍ਹਾਂ ਰੁੱਤਾਂ ਦੇ ਆਪਣੇ-ਆਪਣੇ ਵਾਤਾਵਰਣ ਅਤੇ ਸੁਭਾਅ ਹਨ। ਕਦੇ ਅਤੀ ਗਰਮੀ, ਕਦੇ ਅਤੀ ਸਰਦੀ, ਕਦੇ ਨਾ ਗਰਮੀ, ਨਾ ਸਰਦੀ, ਕਦੇ ਹੁੰਮਸ ਅਤੇ ਕਦੇ ਬਾਰਸ਼। ਅਤਿ ਸਰਦੀ ਤੋਂ ਬਾਅਦ ਵਾਲੇ ਮੌਸਮ ਨੂੰ ਬਸੰਤ ਰੁੱਤ ਕਿਹਾ ਜਾਂਦਾ ਹੈ। ਬਸੰਤ ਦੇ ਅਰਥ ਹਨ ਖਿੜਾਉ। ਰੂਹਾਨੀ ਦੁਨੀਆਂ ਵਿਚ ਇਸ ਨੂੰ ਆਤਮਿਕ ਖਿੜਾਉ ਕਿਹਾ ਜਾਂਦਾ ਹੈ। ਜਿਵੇਂ ਸਾਰੇ ਮੌਸਮਾਂ ਵਿਚ 'ਬਸੰਤ ਰੁੱਤ' ਸੁਹਾਵਣੀ, ਖਿੜਾਉ ਤੇ ਵਿਗਾਸ ਵਾਲੀ ਮੰਨੀ ਗਈ ਹੈ। ਇਸੇ ਤਰ੍ਹਾਂ ਤਮਾਮ ਜੂਨੀਆਂ ਵਿਚੋਂ ਮਨੁੱਖਾ ਜੂਨੀ ਵੀ 'ਬਸੰਤ' ਰੁੱਤ ਵਾਂਗੂੰ ਹੈ। ਉਨ੍ਹਾਂ ਜੂਨੀਆਂ ਵਿਚ ਜੀਵ ਦੁੱਖ ਭੋਗਦਾ ਹੈ, ਬੇਚੈਨ ਰਹਿੰਦਾ ਹੈ। ਇਸੇ ਤਰ੍ਹਾਂ ਅਤੀ ਗਰਮੀ ਤੇ ਸਰਦੀ ਵਿਚ ਵੀ ਮਨੁੱਖ ਬੇਚੈਨ ਰਹਿੰਦਾ ਹੈ। ਕੇਵਲ ਬਸੰਤ ਰੁੱਤ ਹੀ ਹੈ ਜੋ ਇਸ ਵਾਸਤੇ ਸੁਖਦਾਇਕ ਹੈ। ਮਨੁੱਖਾ ਜਨਮ ਬਸੰਤ ਰੁੱਤ ਵਾਂਗੂੰ ਹੈ। ਇਸੇ ਵਿਚ ਸਦਾ ਦਾ ਵਿਗਾਸ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਇਕ ਐਸਾ ਖੇੜਾ ਹੈ ਜੋ ਕਦੇ ਵੀ ਮੁਰਝਾਉਂਦਾ ਨਹੀਂ। ਬਾਕੀ ਸਾਰੀਆਂ ਚੀਜ਼ਾਂ ਵੱਧ ਕੇ ਘਟਤ ਵਲ ਚਲੀਆਂ ਜਾਂਦੀਆਂ ਹਨ। ਜਿਵੇਂ ਫੁੱਲ ਖਿੜਦਾ ਹੈ, ਮੁਰਝਾ ਜਾਂਦਾ ਹੈ। ਉਮਰ ਚੜ੍ਹਦੀ ਹੈ, ਢਲ ਜਾਂਦੀ ਹੈ। ਮਨ ਖਿੜਦਾ ਹੈ ਤੇ ਬੁਝ ਜਾਂਦਾ ਹੈ ਪਰ ਜਦੋਂ ਆਤਮਾ ਖਿੜਦੀ ਹੈ ਤਾਂ ਸਦਾ ਦਾ ਵਿਗਾਸ ਵਰਤਦਾ ਹੈ। ਇਹ ਅਵਸਥਾ ਸਾਰਿਆਂ ਦੇ ਭਾਗਾਂ ਵਿਚ ਨਹੀਂ ਹੁੰਦੀ। ਇਹ ਤਾਂ ਕੇਵਲ ਰੱਬ ਦੇ ਪਿਆਰਿਆਂ ਤੇ ਹੀ ਪ੍ਰਮੇਸ਼ਰ ਵਲੋਂ ਰਹਿਮਤ ਦੀ, ਬਾਰਸ਼ ਵਾਲਾ ਵਰਤਾਰਾ ਵਰਤਦਾ ਹੈ। 'ਨਾਨਕ ਭਗਤਾ ਸਦਾ ਵਿਗਾਸ' ਸਦਾ ਦੇ ਵਿਗਾਸ ਦਾ ਮੂਲ ਸੋਮਾ ਜਾਂ ਅਧਾਰ ਪ੍ਰਮੇਸ਼ਰ ਵਾਹਿਗੁਰੂ ਹੈ। ਜੋ ਸਤਿ, ਚਿਤ ਤੇ ਆਨੰਦ ਹੈ। ਸਮਰੱਥ ਸਤਿਗੁਰੂ ਤੋਂ ਪ੍ਰਾਪਤ ਹੋਇਆ ਅਨੰਦ ਸਦਾ ਰਹਿੰਦਾ ਹੈ। ਬਾਕੀ ਦੁਨਿਆਵੀ ਨਸ਼ੇ ਅਤੇ ਖੁਸ਼ੀਆਂ ਪ੍ਰਾਪਤ ਹੋ ਕੇ ਗਮੀਆਂ ਵਿਚ ਬਦਲਦੀਆਂ ਅਕਸਰ ਦੇਖੀ ਜਾਂਦੀਆਂ ਹਨ -

ਪੋਸਤ ਮਦ ਅਫੀਮ ਭੰਗ ਉਤਰ ਜਾਏ ਪ੍ਰਭਾਤ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। ਜਨਮ ਸਾਖੀ

ਦੁਨਿਆਵੀ ਖੁਸ਼ੀਆਂ ਅਨੰਦਦਾਇਕ ਨਹੀਂ ਹਨ। ਅਨੰਦ ਤਾਂ ਕੇਵਲ ਸਮਰੱਥ ਗੁਰੂ ਕੋਲ ਹੈ -

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਅੰਗ - ੯੧੭

ਕੇਵਲ ਪੂਰਨ ਸਤਿਗੁਰੂ ਕੋਲ ਹੀ ਆਨੰਦ ਦੀ ਬਖਸ਼ਿਸ਼ ਕਰਨ ਦੀ ਸਮਰੱਥਾ ਅਤੇ ਜੁਗਤਿ ਹੈ।

ਪੂਰਨ ਸਤਿਗੁਰੂ ਨੇ ਸਾਨੂੰ ਇਕ ਜੀਵਨ ਜੁਗਤਿ ਦੀ ਬਖਸ਼ਿਸ਼ ਕੀਤੀ ਹੈ ਜੋ ਪ੍ਰਵਿਰਤੀ ਵਿਚ ਨਿਰਵਿਰਤੀ ਸਿਖਾਉਂਦੀ ਹੈ।'ਗੁਰਮੁਖ ਮਾਇਆ ਵਿਚ ਉਦਾਸੀ' ਦਾ ਰੂਹਾਨੀ ਮਾਰਗ ਹੈ। ਭਾਵ -

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ ॥ ਅੰਗ - ੫੨੨

ਬਸੰਤ ਦਾ ਸਬੰਧ ਖੇੜੇ ਨਾਲ ਹੈ। ਖੇੜੇ ਦਾ ਸਬੰਧ ਆਨੰਦ ਨਾਲ ਹੈ। ਆਨੰਦ ਦਾ ਸਬੰਧ ਸਮਰੱਥ ਗੁਰੂ ਦੀ ਬਖਸ਼ਿਸ਼ ਨਾਲ ਹੈ। ਜਿਥੇ ਉਸ ਦੀ ਬਖਸ਼ਿਸ਼ ਹੋ ਗਈ ਉਹ ਕਦੇ ਖਤਮ ਨਹੀਂ ਕੀਤੀ ਜਾ ਸਕਦੀ।

ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥
ਅੰਗ - ੭੫੦

ਐਸੇ ਵਰਤਾਰੇ ਰੂਹਾਨੀ ਸੰਸਾਰ ਵਿਚ ਵਰਤਦੇ ਹਨ ਤੇ ਉਨ੍ਹਾਂ ਲਈ 'ਬਸੰਤ' ਰੁੱਤ ਦਾ ਆਗਮਨ ਹੋ ਜਾਂਦਾ ਹੈ - 'ਬਸੰਤ ਰੁਤ ਆਈ ਪਰਫੁਲਤਾ ਲਿਆਈ।'

ਭਾਵ -

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ਅੰਗ - ੧੧੭੬

ਅਤੀ ਦੀ ਸਰਦੀ ਦੇ ਪ੍ਰਕੋਪ ਵਲੋਂ ਸਾਰਾ ਵਾਤਾਵਰਣ ਖੁਸ਼ਕ ਬਣਾ ਦਿਤਾ ਜਾਂਦਾ ਹੈ। ਸਾਰੀ ਬਨਸਪਤੀ ਸਰਦੀ ਦੇ ਪ੍ਰਕੋਪ ਨਾਲ ਮੁਰਝਾ ਜਾਂਦੀ ਹੈ। ਬਹੁਤ ਸਾਰੇ ਦਰਖਤਾਂ ਦੇ ਪੱਤੇ ਝੜ ਜਾਂਦੇ ਹਨ। ਵਾਤਾਵਰਣ ਵਿਚ ਖੁਸ਼ਕੀ ਛਾ ਜਾਂਦੀ ਹੈ। ਦਰਖਤ ਰੁੰਡ-ਮੁੰਡ ਹੋ ਜਾਂਦੇ ਹਨ। ਅਤਿ ਦੇ ਕੋਰੇ ਅਤੇ ਸਰਦੀ

ਨੇ ਪਸ਼ੂ, ਪੰਛੀ ਅਤੇ ਜਾਨਵਰਾਂ ਦਾ ਬੇਹਾਲ ਕੀਤਾ ਹੁੰਦਾ ਹੈ ਪਰ ਬਸੰਤ ਰੁੱਤ ਆਉਣ 'ਤੇ ਸਾਰਿਆਂ ਨੂੰ ਨਿੱਘ ਪ੍ਰਾਪਤ ਹੋ ਜਾਂਦਾ ਹੈ। ਹਵਾ 'ਚ ਥੋੜ੍ਹੀ ਗਰਮਾਇਸ਼ ਮਹਿਸੂਸ ਹੁੰਦੀ ਹੈ। ਸਾਰੀ ਬਨਸਪਤੀ, ਫਸਲਾਂ, ਦਰਖ਼ਤ ਅਤੇ ਪਸ਼ੂ ਪੰਛੀ ਮਉਲਣੇ ਸ਼ੁਰੂ ਹੋ ਜਾਂਦੇ ਹਨ। ਦਰਖਤਾਂ ਦੀਆਂ ਕਰੂੰਬਲਾਂ ਫੁੱਟਦੀਆਂ ਹਨ। ਇਸ ਸਾਰੇ ਮੌਸਮ ਦਾ ਅਸਰ ਜੇਕਰ ਤਮਾਮ ਕਾਇਨਤ 'ਤੇ ਪੈਂਦਾ ਹੈ ਤਾਂ ਮਨੁੱਖ ਵੀ ਇਸ ਤੋਂ ਅਭਿੱਜ ਨਹੀਂ ਰਹਿ ਸਕਦਾ। ਉਸ ਦੇ ਮਨ 'ਤੇ ਵੀ ਖਿੜਾਉ ਉਪਜਦਾ ਹੈ। ਭਾਵ –

ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ
ਗੁਰਮੁਖਿ ਹਉਮੈ ਕਢੈ ਧੋਇ ॥ ਅੰਗ – ੧੧੭੭

ਮੌਸਮ ਨੇ ਬਦਲਣਾ ਹੀ ਬਦਲਣਾ ਹੈ। ਇਹ ਕੁਦਰਤ ਦਾ ਨਿਯਮ ਹੈ। ਬਦਲਦੇ ਮੌਸਮਾਂ ਦਾ ਅਸਰ ਵੀ ਮਨੁੱਖੀ ਮਨ ਤੇ ਪੈਣਾ ਸੁਭਾਵਿਕ ਹੈ। ਕੀ ਕੋਈ ਐਸੀ ਜੁਗਤਿ ਹੈ ਜਦੋਂ ਬਦਲਦੇ ਮੌਸਮਾਂ ਦਾ ਅਸਰ ਮਨੁੱਖਾ ਮਨ ਨੂੰ ਵਿਚਲਿਤ ਨਾ ਕਰੇ? ਐਸੀ ਬਖਸ਼ਿਸ਼ ਸਮਰੱਥ ਸਤਿਗੁਰੂ ਕੋਲ ਹੈ। ਉਨ੍ਹਾਂ ਦੀ ਚਰਨ ਸ਼ਰਨ ਵਿਚ, ਨਾਮ-ਬਾਣੀ ਵਿਚ, ਸਦਾ ਦੇ ਵਿਗਾਸ, ਖੇੜੇ ਅਤੇ ਆਨੰਦ ਦੀ ਪੂਰਨਤਾ ਹੈ। ਜਿਥੇ ਪੂਰੇ ਸਤਿਗੁਰੂ ਦੀ ਬਖਸ਼ਿਸ਼ ਹੈ ਉਥੇ ਸਦਾ ਦੀ ਬਸੰਤ ਹੈ। ਭਾਵ-

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥
ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥ ਅੰਗ – ੧੧੮੦

ਆਉ! ਸਮਰੱਥ ਗੁਰੂ ਤੋਂ ਗੁਰਮੰਤ੍ਰ, ਮੂਲਮੰਤ੍ਰ ਦੀ ਦਾਤ ਲੈ ਕੇ 'ਨਾਮ' ਪ੍ਰਗਟ ਕਰੀਏ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩

ਫਿਰ ਜਦੋਂ ਨਾਮ ਪ੍ਰਗਟ ਹੋ ਗਿਆ ਤਾਂ ਸਦਾ ਦਾ ਵਿਗਾਸ ਖੇੜਾ ਪ੍ਰਾਪਤ ਹੋ ਜਾਵੇਗਾ। ਇਸੇ ਪ੍ਰਥਾਇ ਪੰਜਾਬੀ ਅਖਾਣ ਵਿਚ ਕਿਹਾ ਗਿਆ ਹੈ ਕਿ ***'ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ।'*** ਸਦਾ ਦੀ ਦੀਵਾਲੀ ਦਾ ਮਤਲਬ ਕਿ ਰੱਬ ਦੇ ਪਿਆਰੇ ਗਿਆਨ ਦੀ ਰੌਸ਼ਨੀ ਵਿਚ ਜੀਵਨ ਬਸਰ ਕਰਦੇ ਹਨ। ਗੁਰਬਾਣੀ-

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥ ਅੰਗ – ੬੭

ਭਾਵ –

ਦੀਵਾ ਬਲੈ ਅੰਧੇਰਾ ਜਾਇ ॥ ਅੰਗ – ੭੯੧

ਗੁਰੂ ਦੇ ਸ਼ਬਦ ਰੂਪੀ ਪ੍ਰਕਾਸ਼ ਦੀ ਟਾਰਚ ਰੱਬ ਦੇ ਪਿਆਰਿਆਂ ਦੇ ਮਨ ਵਿਚ ਹੁੰਦੀ ਹੈ –

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥
ਅੰਗ – ੨੯੩

ਅੱਠੇ ਪਹਿਰ ਬਸੰਤ ਭਾਵ ਸਦਾ ਦਾ ਖੇੜਾ। ਇਹ ਰੱਬ ਦੇ ਪਿਆਰਿਆਂ, ਗੁਰਮੁਖਾਂ, ਸੰਤ ਜਨਾਂ ਦੀ ਅਵਸਥਾ ਹੈ। ਉਨ੍ਹਾਂ ਦੇ ਜੀਵਨ ਵਿਚ ਕਦੇ ਢਹਿੰਦੀ ਕਲਾ ਰੂਪੀ ਪਤਝੜ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਨੇ ਇਸ ਸਿਧਾਂਤ ਤੇ ਪਹਿਰਾ ਦਿਤਾ ਹੈ ਕਿ-

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਆਉ! ਰਲ ਮਿਲ ਕੇ ਇਕ ਦੂਜੇ ਦੇ ਜੀਵਨ ਵਿਚ ਬਸੰਤ ਲੈ ਕੇ ਆਈਏ –

ਦੇਹੁ ਸਜਣ ਆਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ – ੧੫੭

ਬਣੀਏ ਸਾਰੇ ਆਤਮ ਮਾਰਗ ਦੇ ਪਾਂਧੀ। ਘਰ-ਘਰ ਪਹੁੰਚਾਈਏ, ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਸੰਦੇਸ਼। 'ਆਤਮ ਮਾਰਗ' ਮੈਗਜ਼ੀਨ ਇਕ ਉਪਰਾਲਾ ਹੈ, ਇਕ ਤਾਂਘ ਹੈ, ਇਕ ਵੇਦਨਾ ਹੈ, ਰਹਿਮਤ ਦੀ ਤੇ ਨਦਰ ਦੀ ਇਕ ਅਰਦਾਸ ਹੈ। ਹਰ ਇਕ ਦਾ ਜੀਵਨ ਨਾਮ ਬਾਣੀ ਨਾਲ ਜੁੜ ਖੁਸ਼ੀਆਂ ਖੇੜਿਆਂ ਵਾਲਾ ਹੋਵੇ। ਹਰ ਘਰ ਵਿਚ 'ਬਸੰਤ' ਵਾਲਾ ਸਦਾ ਦੇ ਖੇੜੇ ਵਾਲਾ ਵਾਤਾਵਰਣ ਹੋਵੇ। ਇਹੀ ਆਤਮ ਮਾਰਗ ਦੇ ਸੰਚਾਲਕ ਪਿਆਰੇ ਮਹਾਂਪੁਰਸ਼ਾਂ ਦਾ ਉਦੇਸ਼ ਸੀ –

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਸਰਬੱਤ ਦੇ ਭਲੇ ਅਤੇ ਸੁਖ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਵਿਚਾਰਾਂ ਦੀ ਲੜੀ ਨੂੰ ਵਿਸ਼ਰਾਮ ਦਿੰਦੇ ਹਾਂ ਜੀ। 'ਆਤਮ ਮਾਰਗ' ਦੀ ਸਾਰੀ ਲੇਖਨੀ/ਸਮੱਗਰੀ ਸਦੀਵੀ ਖੇੜਾ ਪ੍ਰਦਾਨ ਕਰਨ ਲਈ ਪ੍ਰੇਰਨਾਦਾਇਕ ਹੈ। ਆਪ ਪੜ੍ਹੀਏ ਤੇ ਹੋਰਨਾਂ ਨੂੰ ਪੜ੍ਹਾਈਏ –

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ਅੰਗ – ੨੯੩

ਵਾਲੀ ਬਖਸ਼ਿਸ਼ ਸਭਨਾਂ 'ਤੇ ਹੋ ਜਾਏ।

ਭੁੱਲਾਂ ਚੁਕਾਂ ਦੀ ਖਿਮਾ।

ਫਲਗੁਣਿ
ਸੰਗਰਾਂਦ - ਫਰਵਰੀ 12 (ਦਿਨ ਬੁੱਧਵਾਰ)

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥ ੧੩ ॥
ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ ॥

ਅੰਗ - ੧੩੬

ਫਲਗੁਣਿ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ ਪ੍ਰਭੂ ਦੇ ਮਿਲਾਪ ਵਾਲਾ ਸਮਾਂ ਅਨੰਦਾਇਕ ਹੁੰਦਾ ਹੈ। ਜਦੋਂ ਸਰੀਰ ਖਾਮੋਸ਼ ਹੁੰਦਾ ਹੈ ਤਾਂ ਅਰਾਮ ਪ੍ਰਤੀਤ ਹੁੰਦਾ ਹੈ। ਜਦੋਂ ਮਨ ਖਾਮੋਸ਼ ਹੁੰਦਾ ਹੈ ਤਾਂ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਦੋਂ ਕਰਮਾਂ ਦੇ ਸੰਸਕਾਰ ਖਾਮੋਸ਼ ਹੋ ਜਾਂਦੇ ਹਨ ਤਾਂ ਆਨੰਦ ਵਿਗਸਦਾ ਹੈ। ਇਹ ਅਨੰਦ ਦੁਨਿਆਵੀ ਵਸਤੂਆਂ ਵਿਚੋਂ ਜਾਂ ਸੁਖਾਂ ਦੇ ਸਾਧਨਾਂ ਵਿਚੋਂ ਪ੍ਰਾਪਤ ਨਹੀਂ ਹੁੰਦਾ ਇਹ ਤਾਂ ਸਮਰੱਥ ਗੁਰੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੁੰਦਾ ਹੈ। ਦੁਨਿਆਵੀ ਪਦਾਰਥਾਂ ਵਿਚ ਛਿਨ ਭਰ ਲਈ ਸੁਖ ਹੋ ਸਕਦਾ ਹੈ। ਪਰ ਹਰ ਸੁੱਖ ਦੇ ਪਿੱਛੇ ਦੁਖ ਛੁਪਿਆ ਹੁੰਦਾ ਹੈ। ਅਸਲ ਅਨੰਦ ਪੂਰੇ ਸਤਿਗੁਰ ਕੋਲ ਹੈ। ਭਾਵ-

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਅੰਗ - ੯੧੭

ਅਰਥਾਤ -

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਅੰਗ - ੯੧੭

ਜਦੋਂ ਪ੍ਰੀਤਮ ਦੇ ਪ੍ਰਕਾਸ਼ ਦਾ ਝਲਕਾਰਾ ਪੈਂਦਾ

ਹੈ ਤਾਂ ਅਨੰਦ ਵਿਗਸਦਾ ਹੈ। ਜਿਸ ਦੇ ਅੰਦਰ ਪ੍ਰਮੇਸ਼ਰ ਵਾਹਿਗੁਰੂ ਸੱਜਣ ਦਾ ਪ੍ਰਕਾਸ਼ ਹੋ ਗਿਆ ਉਥੇ ਆਨੰਦ ਹੀ ਆਨੰਦ ਹੈ।

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥

ਉਸ ਨੂੰ ਮਿਲੇ ਹੋਏ ਹੀ ਉਸ ਨਾਲ ਮੇਲ ਕਰਾਉਣ ਦੇ ਸਮਰੱਥ ਹਨ। ਭਾਵ –

ਹਉ ਵਾਰਿਆ ਅਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥ ਅੰਗ – ੬੫੨

ਉਸ ਤੋਂ ਬਲਿਹਾਰੇ ਜਾਈਏ ਜਿਸ ਰਾਹ ਦੇ ਵਾਕਫ ਸੱਜਣ ਦਾ ਮਿਲਾਪ ਕਰਵਾ ਦਿਤਾ। ਸਾਡੀ ਕੌਮੀ ਅਰਦਾਸ ਦਾ ਇਹੀ ਸਾਰ ਹੈ ਕਿ 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ।'

ਭਾਵ –

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਅੰਗ – ੫੨੦

ਉਨ੍ਹਾਂ ਨੂੰ ਮਿਲਣ ਨਾਲ ਉਸ ਵਾਹਿਗੁਰੂ ਦੀ, ਪ੍ਰੀਤਮ ਦੀ ਯਾਦ ਆਉਂਦੀ ਹੈ –

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
ਅੰਗ- ੫੨੦

ਰੱਬ ਦੇ ਪਿਆਰੇ ਸੰਤ ਜਨ, ਗੁਰਮੁਖ ਪਿਆਰੇ ਸਭ ਤੋਂ ਉਚੇ ਹਨ ਕਿਉਂਕਿ ਉਹ ਨਾਮ ਨਾਲ ਰੱਤੇ ਹੋਏ ਹਨ –

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥
ਅੰਗ – ੯੨੯

ਪ੍ਰਮੇਸ਼ਰ ਦੀ ਕ੍ਰਿਪਾ ਨਾਲ ਹੀ ਉਨ੍ਹਾਂ ਗੁਰਮੁਖ ਜਨਾਂ ਦਾ ਮਿਲਾਪ ਹੁੰਦਾ ਹੈ –

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨

ਇਸ ਮਹੀਨੇ ਦੇ ਸ਼ਬਦ ਵਿਚ ਦੂਸਰੀ ਤੁਕ ਰਾਹੀਂ ਮਹਾਰਾਜ ਫੁਰਮਾਨ ਕਰਦੇ ਹਨ ਕਿ –

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥

ਜਿਸ ਹਿਰਦੇ ਰੂਪੀ ਸੇਜਾ ਤੇ ਵਾਹਿਗੁਰੂ ਪ੍ਰੀਤਮ ਦਾ ਵਾਸਾ ਹੋ ਗਿਆ ਉਥੇ ਦੁਖਾਂ ਦਾ ਨਾਸ਼ ਹੋ ਕੇ ਸੁੱਖਾਂ ਦਾ ਪ੍ਰਕਾਸ਼ ਹੋ ਜਾਂਦਾ ਹੈ।

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਅੰਗ – ੧੩੦੨

ਭਾਵ ਪੂਰੇ ਗੁਰੂ ਦੀ ਸ਼ਰਨ ਵਿਚ ਦੁਖਾਂ ਦਾ ਨਾਸ਼ ਤੇ ਸੁਖਾਂ ਦਾ ਪ੍ਰਕਾਸ਼ ਹੈ।

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਅੰਗ- ੨

ਅਰਥਾਤ –

ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ ॥ ਅੰਗ – ੬੨੨

ਜਿਨ੍ਹਾਂ ਜੀਵ ਇਸਤ੍ਰੀਆਂ ਨੂੰ ਹਰੀ ਪ੍ਰਭੂ ਵਰ ਮਿਲ ਗਿਆ ਉਨ੍ਹਾਂ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥

ਜੇਕਰ ਦੁਨਿਆਵੀ ਪਦਾਰਥਾਂ ਦੀ ਚਕਾਚੌਂਧ ਵਿਚ ਲੁਭਾਇਮਾਨ ਹੈ ਤਾਂ ***'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥' (ਅੰਗ–੧)*** ਉਨ੍ਹਾਂ ਦੇ ਮਨ ਦੀ ਭੁੱਖ ਖਤਮ ਨਹੀਂ ਹੁੰਦੀ।

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥
ਅੰਗ – ੭੪੭

ਫਿਰ ਉਹ ਸੰਗਤੀ ਰੂਪ ਵਿਚ ਰਲ ਮਿਲ ਕੇ ਉਸ ਦੀ ਸਿਫਤ ਸਲਾਹ ਵਿਚ ਜੁੜਦੇ ਹਨ।

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥

ਭਾਵ ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਮਿਲ ਕੇ ਉਸ ਦੇ ਗੁਨ ਗਾਇਨ ਕਰਨੇ ਹਨ।

ਭਾਵ –

ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥
ਅੰਗ – ੧੩੬੫

ਉਸ ਦੇ ਗੁਣ ਗਾਇਨ ਤਾਂ ਕਰਨੇ ਹਨ ਕਿ ਉਸ ਵਰਗਾ ਕੋਈ ਹੋਰ ਨਹੀਂ ਹੈ। ਇਕ ਪਾਸੇ ਸੰਸਾਰ ਹੈ ਦੂਜੇ ਪਾਸੇ ਕਰਤਾਰ ਹੈ। ਸੰਸਾਰਿਕ ਵਡਿਆਈ ਕਿਸੇ ਕੰਮ ਨਹੀਂ ਪਰ ਉਸ ਦੀ ਸਿਫਤਿ ਸਲਾਹ, ਲੋਕ ਤੇ ਪ੍ਰਲੋਕ ਦੇ ਸੁੱਖ ਬਖਸ਼ਣ ਦੇ ਸਮਰੱਥ ਹੈ।

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਅੰਗ – ੧੨੯੦

ਉਸ ਦੀ ਵਡਿਆਈ ਨਾਲ ਹੀ ਉਸ ਦਾ ਮਿਲਾਪ ਸੰਭਵ ਹੈ। ਭਾਵ –

ਵਡਿਆਈ ਵਡਾ ਪਾਇਆ ॥ ਅੰਗ – ੪੬੭

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥

ਭਾਵ –

ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥

ਅੰਗ – ੧੦੯੮

ਪ੍ਰਮੇਸ਼ਰ ਆਪਣੇ ਪਿਆਰਿਆਂ ਦਾ ਹਲਤ ਪਲਤ ਭਾਵ ਲੋਕ ਪ੍ਰਲੋਕ ਸੰਵਾਰ ਦਿੰਦਾ ਹੈ –

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ਅੰਗ – ੨੯੩

ਆਪਣੇ ਚਰਨਾਂ ਦੀ ਸਦਾ ਸਥਿਰ ਰਹਿਣ ਵਾਲੀ ਪ੍ਰੀਤੀ ਉਹ ਆਪਣੇ ਪਿਆਰਿਆਂ ਨੂੰ ਬਖਸ਼ਦੇ ਹਨ।

ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥

ਉਹ ਆਪ ਇਸ ਭਵਜਲ ਰੂਪੀ ਸੰਸਾਰ ਵਿਚੋਂ ਕੱਢ ਲੈਂਦੇ ਹਨ।

ਏਹੁ ਭਉਜਲੁ ਜਗਤੁ ਸੰਸਾਰੁ ਹੈ
ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ ਅੰਗ – ੧੪੨੪

ਭਵਜਲ ਰੂਪੀ ਸੰਸਾਰ ਤੋਂ ਬਚਾ ਕੇ ਜਨਮਾਂ ਦਾ ਚੱਕਰ ਖਤਮ ਕਰ ਦਿੰਦੇ ਹਨ –

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥

ਉਹ ਪ੍ਰਮੇਸ਼ਰ ਬੇਅੰਤ ਹੈ। ਉਸ ਦੀ ਮਹਿਮਾ ਅਪਰ ਆਪਰ ਹੈ। ਸਾਡੀ ਇਕ ਜੀਭਾ ਉਸ ਦੇ ਗੁਣਾਂ ਦਾ ਵਿਖਿਆਨ ਨਹੀਂ ਕਰ ਸਕਦੀ –

ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨ ਹੀ ਲਹੀਐ ॥ ਅੰਗ – ੬੭੪

ਭਾਵ –

ਕਬੀਰ ਸਾਤ ਸਮੁੰਦਹਿ ਮਸੁ ਕਰਉ
ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ
ਹਰਿ ਜਸੁ ਲਿਖਨੁ ਨ ਜਾਇ ॥ ਅੰਗ – ੧੩੬੮

ਉਸ ਦੇ ਪਵਿੱਤਰ ਚਰਨਾਂ ਨਾਲ ਜੁੜਨ ਵਾਲੇ ਤਰ ਜਾਂਦੇ ਹਨ।

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥

ਇਸ ਕਰਕੇ ਸਾਨੂੰ ਉਸ ਨਿਰੰਕਾਰ ਦੀ ਵਡਿਆਈ ਕਰਨੀ ਚਾਹੀਦੀ ਹੈ। ਉਸ ਦੀ ਵਡਿਆਈ ਜਾਂ ਸਿਫਤ ਸਲਾਹ ਕਰਨ ਵਿਚ ਸਾਡਾ ਹੀ ਭਲਾ ਹੈ। ਉਸ ਨੂੰ ਵਡਿਆਈ ਕਰਾਉਣ ਦੀ ਕੋਈ ਤਮਾ ਨਹੀਂ ਹੈ।

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥
ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥

ਜਿਨ੍ਹਾਂ ਜੀਵਾਂ ਨੇ ਉਸ ਨੂੰ ਧਿਆਇਆ ਹੈ ਉਨ੍ਹਾਂ ਦੇ ਲੋਕ ਤੇ ਪ੍ਰਲੋਕ ਦੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ। ਭਾਵ –

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ ॥ ਅੰਗ – ੬੯੫

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ ਅੰਗ – ੨੦੧

ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ
ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥

ਅੰਗ – ੧੪੨੫

ਜਿਨ੍ਹਾਂ ਨੇ ਪੂਰੇ ਗੁਰੂ ਦੀ ਸ਼ਰਨ ਲਈ ਹੈ ਉਹ ਦਰਗਾਹ ਵਿਚ ਸੁਰਖਰੂ ਹੋ ਜਾਂਦੇ ਹਨ –

ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥ ਅੰਗ – ੨੫੨

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥ ਅੰਗ – ੨੮੩

ਉਸ ਵਾਹਿਗੁਰੂ ਦੀ ਸ਼ਰਨ ਵਿਚ ਸਾਰੇ ਸੁੱਖਾਂ ਦਾ ਖਜ਼ਾਨਾ ਹੈ। ਉਸ ਦੀ ਕ੍ਰਿਪਾ ਨਾਲ ਹੀ ਬਿਖੜਾ ਭਵਜਲ ਰੂਪੀ ਸੰਸਾਰ ਸਮੁੰਦਰ ਪਾਰ ਕੀਤਾ ਜਾ ਸਕਦਾ ਹੈ –

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥

ਉਸ ਦੇ ਪਿਆਰੇ ਪ੍ਰੇਮ ਪ੍ਰੀਤ ਵਿਚ ਲਿਪਤ ਹੁੰਦੇ ਹਨ। ਉਹ ਮਾਇਆ ਦੀ ਅੱਗ ਵਿਚ ਨਹੀਂ ਸੜਦੇ।

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥

ਭਾਵ –

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ
ਅਣੀਆ ਰਾਮ ਰਾਜੇ ॥ ਅੰਗ – ੪੪੯

(ਬਾਕੀ ਪੰਨਾ 45 'ਤੇ)

ਮੰਝ ਪਿਆਰਾ ਗੁਰੂ ਨੂੰ.....।

(ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥)

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-23)

ਮਹਾਰਾਜ ਕਹਿੰਦੇ, ਜੰਗਾਲ ਲਗ ਗਿਆ। ਇਹ ਮਨੁੱਖ ਦਾ ਜਿਹੜਾ ਦਰਵਾਜ਼ਾ ਹੈ, ਇਹਨੂੰ ਕਰੋੜਾਂ-ਕਰੋੜਾਂ ਸਾਲ ਚਲਦੇ ਨੂੰ ਹੋ ਗਏ, ਦਰਵਾਜ਼ਾ ਨਹੀਂ ਖੋਲ੍ਹਿਆ ਇਸ ਨੇ ਤੇ ਇਹਨੂੰ ਜੰਗਾਲ ਲਗ ਗਿਆ ਤੇ ਜਿਹੜਾ ਤਾਲਾ ਲੱਗਿਆ ਹੋਇਆ ਹੈ, ਉਹ ਵੀ ਜੰਗਾਲ ਗਿਆ। ਹੁਣ ਖੋਲ੍ਹੇ ਕੌਣ, ਸਾਡੇ ਵਿਚ ਤਾਂ ਇਹ ਤਾਕਤ ਨਹੀਂ ਕਿ ਖੋਲ੍ਹ ਲਈਏ। ਜਿਹਨੂੰ ਪਤਾ ਹੀ ਨਹੀਂ ਹੈ ਕਿ ਸਾਡੇ ਅੰਦਰ ਦਸਮ ਦਵਾਰ ਹੈ। ਉਹਨੂੰ ਤਾਂ ਖੋਲ੍ਹਣ ਦਾ ਪਤਾ ਹੀ ਨਹੀਂ, ਨਾਲੇ ਇਹ ਵੀ ਨਹੀਂ ਪਤਾ ਕਿ ਕਿਥੇ ਹੈ। ਅੱਖ ਦੇ ਹੇਠਾਂ ਹੈ ਜਾਂ ਕੰਨ ਦੇ ਹੇਠਾਂ ਹੈ ਕਿ ਨੱਕ ਦੇ ਹੇਠਾਂ ਹੈ ਜਾਂ ਸਰੀਰ ਵਿਚ ਕਿਤੇ ਹੋਰ ਹੈ। ਕੋਈ ਪਤਾ ਨਹੀਂ ਸਾਨੂੰ ਕਿਥੇ ਹੈ। ਕਿਉਂਕਿ ਸਾਨੂੰ ਸ਼ੌਂਕ ਨਹੀਂ ਹੈ ਇਸ ਗੱਲ ਦਾ। ਸ਼ੌਂਕ ਹੋਵੇ ਤਾਂ ਅਸੀਂ ਦੌੜੇ ਹੀ ਫਿਰੀਏ ਕਿ ਇਹਦੇ ਵਿਚ ਤਾਂ ਰੱਬ ਨੇ ਦਿਸਣ ਲਗ ਜਾਣੈ। ਜਦ ਇਹ ਖੁੱਲ੍ਹ ਗਿਆ, ਫੇਰ ਮੇਰਾ ਮਤਲਬ ਐਨਾ ਹੀ ਸੀਗਾ ਸੰਸਾਰ 'ਚ ਆਉਣ ਦਾ -

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨

ਜਦੋਂ ਮੇਰੇ ਅੰਦਰੋਂ ਦਿਸ ਪਿਆ ਫੇਰ ਮੈਨੂੰ ਮਿਲ ਜਾਣੈ, ਫੇਰ ਭਟਕਣ ਦੀ ਕੀ ਲੋੜ ਹੈ। ਐਨਾ ਸਾਡੇ ਮਨ ਦੇ ਅੰਦਰ ਸ਼ੋਕ ਨਹੀਂ ਆਉਂਦਾ, ਜਾਗ੍ਰਤ ਨਹੀਂ ਆਉਂਦੀ, ਰੁਚੀ ਨਹੀਂ ਜਾਗਦੀ ਕਿਉਂਕਿ ਮੈਲ ਪਈ ਹੈ ਬੇਅੰਤ। ਉਹ ਇਸ ਗੱਲ ਪਾਸੇ ਸਾਨੂੰ ਜਾਣ ਹੀ ਨਹੀਂ ਦਿੰਦੀ। ਮਹਾਰਾਜ ਕਹਿੰਦੇ, ਗੁਰੂ ਮਿਲ ਜਾਵੇ। ਗੁਰੂ ਫੇਰ ਇਸ ਚੀਜ਼ ਦੇ ਸਮਰੱਥ ਹੁੰਦੈ -

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥ ਅੰਗ- ੧੨੬੩

ਕੰਧ ਕਰਾਰੀ ਹੋਈ-ਹੋਈ ਹੈ, ਦਰਵਾਜ਼ਾ ਬੰਦ ਕਰਿਆ ਪਿਐ -

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅੰਗ- ੯੫੪

ਬਜਰ ਕਪਾਟ ਲੱਗੇ ਹੋਏ ਨੇ ਤੇ ਉਹ ਤਾਲੇ ਨਹੀਂ ਖੁਲ੍ਹਦੇ, ਜਿੰਨਾਂ ਚਿਰ ਸਮਰੱਥ ਗੁਰੂ ਪ੍ਰਾਪਤ ਨਾ ਹੋਵੇ -

ਧਾਰਨਾ - ਕਿਤੋਂ ਖੁਲ੍ਹਣੇ ਨਾ ਜੰਗਾਲੇ ਹੋਏ ਜਿੰਦਰੇ,
ਬਾਝੋਂ ਗੁਰ ਪੂਰਿਆਂ ਤੋਂ।
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਵਰ ਨ ਕੁੰਜੀ ਹਥਿ ॥ ਅੰਗ- ੧੨੩੭

ਨਿਵਲੁ ਲਾਉਂਦੇ ਹੁੰਦੇ ਨੇ ਬੋਤਿਆਂ ਦੇ, 'ਨਿਵਲੁ' ਤਾਲਾ ਹੁੰਦੈ, ਪਿੰਡਾਂ ਵਾਲੇ ਜਾਣਦੇ ਨੇ, ਪੈਰ 'ਚ ਪਾ ਕੇ ਸੰਗਲ, ਨਿਵਲ ਲਾ ਦਿੰਦੇ ਸੀ। ਕਹਿੰਦੇ, 'ਮਨੁ ਕੋਠਾ ਤਨੁ ਛਤਿ' ਇਹ ਬੰਦ ਕਰਿਆ ਹੋਇਐ, ਤਾਲਾ ਲਾ ਕੇ। ***'ਨਾਨਕ ਗੁਰ ਬਿਨ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥'*** ਕਹਿੰਦੇ, ਹੋਰ ਕਿਤੋਂ ਨਹੀਂ ਖੁਲ੍ਹ ਸਕਦਾ, ਜਿਥੇ ਜੀਅ ਕਰਦੈ ਫਿਰੀ ਜਾਓ। ਜਿਹੜਾ ਕਰਮ ਕਰਨੈ ਕਰ ਲਓ। ਜਦੋਂ ਤਕ ਗੁਰੂ ਧਾਰ ਕੇ, ਉਹ ਚਾਬੀ ਨਹੀਂ ਦਿੰਦਾ, ਓਨਾਂ ਚਿਰ ਨਹੀਂ ਖੁਲ੍ਹਦਾ, ਕਿਉਂਕਿ ਬੰਦ ਕਰ ਦਿਤਾ। ਗੁਰੂ ਕੋਲ ਅਧਿਕਾਰ (Authority) ਹੈ ਇਸ ਚੀਜ਼ ਦੀ -

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ
ਕੁੰਜੀ ਗੁਰ ਸਉਪਾਈ ॥ ਅੰਗ - ੨੦੫

ਕਿਉਂਕਿ ਰਹਿੰਦਾ ਤਾਂ ਪ੍ਰਮੇਸ਼ਰ ਉਥੇ ਹੀ ਹੈ। ਪ੍ਰਗਟ ਰੂਪ ਵਿਚ ਰਹਿੰਦਾ ਹੈ -

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥ ਅੰਗ - ੮੭

ਜਿਵੇਂ ਸੂਰਜ ਚੜ੍ਹਨ 'ਤੇ ਰਾਤ ਖਤਮ ਹੋ ਜਾਂਦੀ ਹੈ ਇਸ ਤਰ੍ਹਾਂ ਦੇ ਨਾਲ ਕਹਿੰਦੇ, ਹਨ੍ਹੇਰਾ ਉਥੋਂ ਮਿਟ ਗਿਆ, ਜਦੋਂ ਚਾਬੀ ਨਾਲ ਖੋਲ੍ਹ ਲਿਆ।

ਇਕ ਮਿਸਾਲ ਨਾਲ ਗੱਲ ਸਮਝ ਵਿਚ ਆ ਜਾਏਗੀ। ਇਕ ਵਾਰੀ ਕੋਈ ਰਾਜਾ ਸੀ। ਉਹਦੇ ਉਲਾਦ ਨਹੀਂ ਸੀ ਤੇ ਉਹ ਵਿਚਾਰ ਕਰਦਾ ਹੈ ਕਿ ਮੈਂ ਆਪਣਾ ਰਾਜ ਕਿਸੇ ਚੰਗੇ ਸਿਆਣੇ ਪੁਰਸ਼ ਨੂੰ

ਦੇਵਾਂ। ਉਹਨੇ ਇਕ ਸੈਰਗਾਹ ਬਣਾਈ ਹੋਈ ਸੀ 20-25 ਮੀਲ ਦੀ ਲੰਮੀ ਚੌੜੀ ਉਹਦੇ ਵਿਚ ਜੰਗਲ ਬਣਾਏ ਹੋਏ ਸੀ। ਝੀਲਾਂ ਬਣਾਈਆਂ ਹੋਈਆਂ ਸੀ, ਬਹੁਤ ਸੋਹਣੇ-ਸੋਹਣੇ ਮਕਾਨ ਬਣਾਏ ਹੋਏ ਸੀ। ਇਕ ਉਹਦੇ ਵਿਚ ਭੁੱਲ-ਭਲਾਈਆਂ ਬਣਾਈਆਂ ਹੋਈਆਂ ਸੀ, ਸੈਂਕੜਿਆਂ ਦੀ ਤਾਦਾਦ 'ਚ। ਭੁੱਲ ਭਲਾਈ ਵਿਚ ਇਕ ਵਾਰੀ ਵੜ ਜਾਓ, ਬਾਹਰ ਆਉਣਾ ਔਖਾ ਹੁੰਦੈ। ਕੋਈ ਸਿਆਣਾ ਬੰਦਾ ਹੀ ਹੈ ਜਿਹੜਾ ਭੁੱਲ ਭਲਾਈ 'ਚੋਂ ਆਪੇ ਬਾਹਰ ਨਿਕਲ ਆਵੇ। ਨਹੀਂ ਤਾਂ ਉਥੇ ਹੀ ਗੇੜੇ ਖਾਈ ਜਾਂਦੈ। ਸੋ ਉਹ ਵੀ ਬਣਾਈਆਂ ਹੋਈਆਂ ਸੀ ਉਹਨੇ। ਬਹੁਤ ਕੁਛ ਬਣਾਇਆ ਹੋਇਆ ਤੇ ਉਸ ਨੇ ਐਲਾਨ ਕਰ ਦਿਤਾ ਕਿ ਮੈਂ ਫਲਾਣੀ ਤਰੀਕ ਨੂੰ ਆਪਣੀ ਸੈਰਗਾਹ ਦੇ ਵਿਚ ਲੁਕਾਂਗਾ। ਜਿਹੜਾ ਮੈਨੂੰ 10 ਵਜੇ ਤੋਂ 4 ਵਜੇ ਤਕ, ਛੇ ਘੰਟੇ ਦੇ ਅੰਦਰ-ਅੰਦਰ ਟੋਲ੍ਹ ਲਏਗਾ, ਉਸ ਨੂੰ ਮੈਂ ਆਪਣੇ ਤਖਤ 'ਤੇ ਬਿਠਾ ਦੇਵਾਂਗਾ। ਉਹਨੂੰ ਉਤਰਾਅਧਿਕਾਰੀ ਬਣਾ ਲਵਾਂਗਾ। ਬੜੇ ਲੋਕਾਂ ਦੇ ਮਨ ਵਿਚ ਆਇਆ ਕਿ ਕਿੰਨਾ ਕੁ ਹੈ, 25-26 ਮੀਲ ਹੀ ਹੈ, ਦੌੜ-ਦੌੜ ਕੇ ਟੋਲ੍ਹ ਲਵਾਂਗੇ। ਸੋ ਦਰਵਾਜ਼ਾ ਖੁਲ੍ਹ ਗਿਆ, ਰਾਜਾ ਛੁਪ ਗਿਆ। ਕੋਈ ਤਾਂ ਝੀਲਾਂ ਦੇ ਵਿਚ ਚਲਿਆ ਗਿਆ ਕਿ ਝੀਲ ਦੇ ਵਿਚ ਕੋਈ ਨਾ ਕੋਈ ਜ਼ਰੂਰ ਥਾਂ ਬਣਾਇਆ ਹੋਇਆ ਹੋਣਾ ਉਹਨੇ ਲੁਕਣ ਵਾਸਤੇ। ਕਿਸ਼ਤੀ ਲੈ ਕੇ ਦੇਖਦਾ ਫਿਰਦੈ। ਕੋਈ ਸੰਘਣੇ ਜੰਗਲ ਵਿਚ ਚਲਿਆ ਕਿ ਜੰਗਲ ਵਿਚ ਲੁਕਿਆ ਹੋਣਾ, ਬਾਹਰ ਤਾਂ ਉਹ ਦਿਸ ਜਾਏਗਾ। ਪਹਾੜ ਸੀ ਕੋਈ ਉਹਨਾਂ ਵਿਚ ਦੇਖਣ ਲੱਗ ਗਿਆ। ਉਹਨਾਂ ਦੀਆਂ ਕੰਦਰਾਂ 'ਚ ਦੇਖਣ ਲਗ ਗਿਆ। ਕੋਈ ਭੁੱਲ-ਭੁਲਾਈਆਂ 'ਚ ਜਾ ਵੜਿਆ। ਕੁਛ ਉਥੇ ਚਲੇ ਗਏ, ਜਿਥੇ ਉਹਨੇ ਨਾਚ, ਗਾਣੇ, ਹੋਟਲਾਂ ਦੇ, ਸ਼ਰਾਬਾਂ-ਕਬਾਬਾਂ ਦੇ, ਵਿਸ਼ੇ-ਵਿਕਾਰਾਂ ਦੇ ਪ੍ਰਬੰਧ ਕੀਤੇ ਸੀ। ਬਹੁਤ ਸਾਰੇ ਰਾਜੇ ਨੂੰ ਟੋਲ੍ਹਣਾ ਤਾਂ ਭੁੱਲ ਗਏ, ਉਹਨਾਂ ਵਿਚ ਹੀ ਮਸਤ ਹੋ ਗਏ। ਖਾਣਾ-ਪੀਣਾ ਸ਼ੁਰੂ ਕਰ ਦਿਤਾ ਕਿ ਇਹੋ ਜਿਹਾ ਸਭ ਕੁਛ ਤਾਂ ਕਿਤੇ ਮਿਲਣਾ ਨਹੀਂ, ਰਾਜਾ ਪਤਾ ਨਹੀਂ ਲੱਭਣਾ ਹੈ ਕਿ ਨਹੀਂ ਲੱਭਣਾ। ਇਹ ਵੀ ਸਾਡੇ ਹੱਥੋਂ ਜਾਏਗਾ। ਤਲਾਸ਼ ਜਾਰੀ ਹੈ, ਰਾਜਾ ਕਿਸੇ ਨੂੰ ਨਹੀਂ ਲੱਭ ਰਿਹਾ। ਸਮਾਂ ਲੰਘਦਾ ਜਾਂਦੈ। ਇਕ ਕੋਈ ਸਿਆਣਾ ਪੁਰਸ਼ ਸੀ ਉਨ੍ਹਾਂ ਵਿਚ, ਉਹਨੇ ਕਿਹਾ ਕਿ ਇਸ ਤਰ੍ਹਾਂ ਤਾਂ ਨਹੀਂ ਹੋ ਸਕਦਾ। ਕੋਈ ਭੇਤੀ ਲੱਭੀਏ ਤੇ ਉਹ ਜਿਹੜਾ ਸੈਰਗਾਹ ਦਾ ਇੰਚਾਰਜ ਸੀ ਵੱਡਾ ਮੈਨੇਜਰ, ਉਹਦੇ ਦਰ 'ਤੇ ਜਾ ਕੇ ਸੇਵਾ ਕਰਨੀ ਸ਼ੁਰੂ ਕਰ ਦਿਤੀ ਉਹਨੇ। ਜੋ ਮੰਗਦੈ, ਲਿਆ ਕੇ ਦਿੰਦੈ। ਹੋਰ ਸਾਰੀ ਸੇਵਾ ਕਰਦੈ। ਜਦੋਂ ਦੋ-ਤਿੰਨ ਵੱਜੇ, ਉਹ ਕਹਿੰਦਾ ਤੂੰ ਵੀ ਤਲਾਸ਼ ਕਰ ਲੈ? ਕਹਿੰਦਾ, ਮੈਂ ਕਾਹਦਾ ਤਲਾਸ਼ ਕਰਨੈ, ਭੇਤੀ ਤੋਂ ਬਗੈਰ ਤਾਂ ਕੋਈ ਦਸ ਨਹੀਂ ਸਕਦਾ। ਐਡੀ ਵੱਡੀ ਸੈਰਗਾਹ ਹੈ, ਇਥੇ ਕਿੱਥੇ ਲੱਭਣੈ ਹੈ ਰਾਜਾ। ਕ੍ਰਿਪਾ ਕਰੋ ਜੇ ਤੁਸੀਂ ਪ੍ਰਸੰਨ ਹੋਂ ਮੇਰੇ ਉਤੇ, ਮੈਨੂੰ ਕੋਈ ਭੇਤ ਦਸੋ, ਉਹ ਕਹਿੰਦੇ, ਲੈ ਬਈ ਪ੍ਰੇਮੀਆਂ ਆਹ ਗੱਲ ਮੈਨੂੰ ਬਾਦਸ਼ਾਹ ਨੇ ਕਹੀ ਸੀ। ਬਈ ਚਾਬੀ ਮੈਂ ਤੈਨੂੰ ਦਿੰਦਾ ਹਾਂ ਇਹਨੂੰ ਰੱਖ ਲਈਂ, ਜੇ ਕੋਈ ਚਾਬੀ ਤੇਰੇ ਤੋਂ ਮੰਗਣ ਆਇਆ। ਹੋਇਆ ਅਧਿਕਾਰੀ। ਪਰਖ ਕੇ ਉਸ ਨੂੰ ਦੇਈਂ ਕਿ ਉਹਦੇ ਅਧਿਕਾਰੀ ਵੀ ਹੈ ਕਿਤੇ ਐਵੇਂ ਤਾਂ ਨਹੀਂ ਕੋਈ ਆ ਗਿਆ। ਇਹ ਗੱਲ ਤੂੰ ਗੁਪਤ ਰੱਖੀਂ ਆਪਣੇ ਕੋਲ, ਕਿਸੇ ਨੂੰ ਨਾ ਦੱਸੀਂ। ਸੋ ਜਦੋਂ ਉਸ ਨੇ ਸੇਵਾ ਕਰਕੇ ਪ੍ਰਸੰਨ ਕਰ ਲਿਆ ਤਾਂ ਉਸ ਨੇ ਚਾਬੀ ਫੜਾ ਕੇ ਨਾਲ ਭੇਤ ਦੇ ਦਿਤਾ। ਕਹਿੰਦਾ, ਦੇਖਦਾਂ, ਪਿਛਲੇ ਪਾਸੇ ਇਕ ਨਿੱਕੀ ਜਿਹੀ ਢੇਰੀ ਹੈ। ਇਹ ਢੇਰੀ ਦਾ ਇਕ ਦਰਵਾਜ਼ਾ ਹੈ, ਉਹਦੇ ਮੂਹਰੇ ਬੋਰੀ ਪਈ ਹੈ ਭਰੀ ਹੋਈ ਮਿੱਟੀ ਦੀ। ਇਹਨੂੰ ਤੂੰ ਪਾਸੇ ਕਰ ਦੇ। ਪਾਸੇ ਕਰਕੇ ਦਰਵਾਜ਼ਾ ਖੋਲ੍ਹ ਲਈਂ ਤੇ ਇਹਦੇ ਵਿਚ ਅੰਦਰ ਚਲੇ ਜਾਈਂ। ਕਮਰੇ ਆਈ ਜਾਣਗੇ। ਥੋੜ੍ਹੀਆਂ-ਥੋੜ੍ਹੀਆਂ ਨਿਸ਼ਾਨੀਆਂ ਦਸ ਦਿਤੀਆਂ ਕਿ ਇਥੇ ਆਹ ਨਿਸ਼ਾਨੀ ਆਏਗੀ, ਇਥੇ ਆਹ ਰੰਗ ਦਾ ਫੁੱਲ ਹੈ। ਇਥੇ ਇਸ ਤਰ੍ਹਾਂ ਦਾ ਬਲਬ ਹੈ। ਸੋ ਦਸ ਕੇ ਕਹਿਣ ਲੱਗਿਆ ਕਿ ਅਗਾਂਹਾਂ ਜਾ ਕੇ, ਜਦੋਂ ਤੂੰ ਛੇਵੇਂ ਦਰਵਾਜ਼ੇ ਦੀ ਚਾਬੀ ਲਾਏਂਗਾ, ਉਥੇ ਜ਼ਰਾ ਕੁ ਸਾਵਧਾਨ ਰਹੀਂ। ਉਥੇ ਬਹੁਤ ਮੰਨੋਰੰਜਕ ਚੀਜ਼ਾਂ ਆਉਣਗੀਆਂ। ਉਸ ਤੋਂ ਬਾਅਦ ਤਿੰਨ ਚੀਜ਼ਾਂ ਫੇਰ ਆਉਣਗੀਆਂ। ਉਥੋਂ ਵੀ ਸਾਵਧਾਨ ਹੋ ਕੇ ਲੰਘ ਜਾਈਂ ਤੇ ਜਦੋਂ ਤੂੰ ਉਥੋਂ ਲੰਘ ਜਾਏਂਗਾ ਫੇਰ ਉਥੇ ਦਰਵਾਜ਼ਾ ਆਏਗਾ, ਉਹਦੇ ਵਿਚ ਚਾਬੀ ਲਾ ਲਈਂ ਤੇ ਚਾਬੀ ਲਾ ਕੇ ਉਹ ਖੋਲ੍ਹ ਲਈਂ। ਕਹਿਣ ਲੱਗੇ, ਮਹਾਰਾਜ! ਪਤਾ ਕਿਵੇਂ ਲੱਗੇਗਾ? ਕਈ ਪਾਸਿਆਂ ਨੂੰ ਤਾਂ ਰਾਹ ਦਿਸ ਦਿਤੇ ਤੁਸੀਂ। ਉਹ ਕਹਿੰਦੇ ਕਿ ਓਸ ਪਾਸੇ ਦੇ ਰਾਹ 'ਤੇ ਸੰਗੀਤ ਆਉਂਦਾ ਜਾਏਗਾ ਤੇ ਨਾਲੇ ਪ੍ਰਕਾਸ਼ ਆਏਗਾ। ਦੂਜੇ ਪਾਸੇ ਪ੍ਰਕਾਸ਼ ਪਹਿਲਾਂ ਤਾਂ ਹੋਏਗਾ, ਪਿਛੋਂ ਜਾ ਕੇ ਹਨ੍ਹੇਰਾ ਹੈ। ਸੋ ਇਸੇ ਤਰ੍ਹਾਂ ਨਾਲ ਉਸ ਨੇ ਕਰਿਆ। ਜਿਧਰੋਂ ਅਵਾਜ਼ ਆ ਰਹੀ ਸੀ ਸੰਗੀਤ ਦੀ, ਉਸ ਪਾਸੇ ਨੂੰ ਤੁਰਿਆ ਗਿਆ, ਫੇਰ ਪ੍ਰਕਾਸ਼ ਬਹੁਤ ਨਿਖਰਵਾਂ ਆਉਣ

ਲਗ ਗਿਆ। ਉਧਰ ਨੂੰ ਤੁਰ ਪਿਆ ਦੂਜੇ ਪਾਸੇ ਛੱਡ ਦਿਤੇ ਸਾਰੇ। ਅਖੀਰ ਜਾ ਕੇ ਦਰਵਾਜ਼ਾ ਖੋਲ੍ਹ ਲਿਆ ਤੇ ਜਦੋਂ ਦਰਵਾਜ਼ਾ ਖੋਲ੍ਹ ਕੇ ਅੰਦਰ ਗਿਆ ਤਾਂ ਤਖਤ ਦੇ ਉਤੇ ਸੁਲਤਾਨ ਬੈਠਾ ਸੀ। ਬੁਕਲ 'ਚ ਲੈ ਲਿਆ, ਕਹਿਣ ਲੱਗਿਆ, ਧੰਨ ਹੈਂ ਤੂੰ। ਤੂੰ ਟੋਲ੍ਹ ਲਿਆ ਮੈਨੂੰ। ਉਸੇ ਵੇਲੇ ਬਿਗਲ ਵਜ ਗਏ ਕਿ ਰਾਜਾ ਟੋਲ੍ਹਿਆ ਗਿਆ, ਜਿਥੇ-ਜਿਥੇ ਕੋਈ ਸੀ ਸਭ ਨੂੰ ਪਤਾ ਲਗ ਗਿਆ ਕਿ ਇਕ ਬੰਦੇ ਨੇ ਰਾਜਾ ਟੋਲ੍ਹ ਲਿਆ। ਦੂਸਰੇ ਦਿਨ ਤਾਜ ਪੋਸ਼ੀ ਹੋਈ ਉਸ ਨੂੰ ਤਖਤ 'ਤੇ ਬਿਠਾ ਕੇ, ਆਪ ਬੰਦਗੀ ਕਰਨ ਵਾਸਤੇ ਚਲਿਆ ਗਿਆ। ਸੋ ਇਹ ਇਕ ਦ੍ਰਿਸ਼ਟਾਂਤ ਹੈ। ਠੀਕ ਬਿਲਕੁਲ ਸਾਡੇ ਨਾਲ ਢੁਕਦੀ ਹੈ ਇਹ ਗੱਲ। ਆਹ ਸਾਰੇ ਬ੍ਰਹਿਮੰਡ ਦੇ ਅੰਦਰ ਅਕਾਲ ਪੁਰਖ ਛੁਪ ਕੇ ਬੈਠਾ ਹੈ ਤੇ ਉਹ ਆਪਣਾ ਤਖਤ ਦੇਣਾ ਚਾਹੁੰਦਾ ਹੈ। ਉਹਨੇ ਐਲਾਨ ਕਰਿਆ ਹੋਇਆ ਹੈ ਕਿ ਜਿਹੜਾ ਮੈਨੂੰ ਟੋਲ੍ਹ ਲਏਗਾ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਬਣ ਜਾਏਗਾ-

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
ਅੰਗ- ੭੦੭

ਉਹਦੇ ਹੱਥ ਵਿਚ ਸਭ ਕੁਛ ਆ ਜਾਏਗਾ। ਸੋ ਟੋਲ੍ਹਣ ਵਾਸਤੇ ਕੋਈ ਤਾਂ ਜੰਗਲਾਂ 'ਚ ਚਲੇ ਗਏ। ਕੋਈ ਧੂਣੀਆਂ ਤਾਪਣ ਲਗ ਗਏ। ਕੋਈ ਜਿਹੜੇ ਸੀਗੇ ਉਹ ਰੁਚੀ ਗਵਾ ਬੈਠੇ ਉਹਨਾਂ ਨੂੰ ਪਤਾ ਹੀ ਨਹੀਂ ਹੈ ਕਿ ਇਥੇ ਆਏ ਕੀ ਕਰਨ ਹਾਂ? ਉਹ ਇਥੇ ਹੀ ਮਸਤ ਹੋ ਗਏ। ਵਿਸ਼ੇ-ਵਿਕਾਰਾਂ 'ਚ ਖਾਣ 'ਚ ਪੀਣ 'ਚ, ਪੈਸੇ ਕਮਾਉਣ 'ਚ, ਉਹਨਾਂ ਨੂੰ ਮਾਇਆ ਨੇ ਮੋਹ ਲਿਆ, ਉਹ ਤਾਂ ਕਿਸੇ ਕੰਮ ਦੇ ਨਾ ਰਹੇ। ਕੁਝ ਭੁੱਲ ਭਲਾਈਆਂ 'ਚ ਪੈ ਗਏ ਕਦੇ ਪਾਠ ਕਰਨ ਲਗ ਜਾਂਦੇ ਨੇ, ਕਦੇ ਨਾਮ ਜਪਣ ਲਗ ਜਾਂਦੇ ਨੇ। ਪਤਾ ਹੀ ਨਹੀਂ ਹੈ ਅਗਾਂਹਾਂ ਲੰਘਣਾ ਕਿਵੇਂ ਹੈ ਤੇ ਇਕ ਪੁਰਸ਼ ਨੇ ਬਚਨ ਮੰਨ ਲਿਆ ਕਿ ਭੇਤੀ ਹੋਣਾ ਚਾਹੀਦਾ ਹੈ ਕੋਈ। ਉਹਦੇ ਭੇਤੀ ਨੇ ਸੰਤ, ਸੰਤਾਂ ਦੀ ਸੇਵਾ ਕਰਨ ਲਗ ਗਿਆ। ਜਦੋਂ ਸੰਤ ਪ੍ਰਸੰਨ ਹੋਏ ਤਾਂ ਉਸ ਵੇਲੇ ਜਗਿਆਸੂ ਨੂੰ ਪੁਛਿਆ ਕਿ ਤੇਰੀ ਕੀ ਆਸ਼ਾ ਹੈ, ਕਿਸ ਆਸ਼ਾ ਦੇ ਨਾਲ ਤੂੰ ਸੇਵਾ ਕਰਦੈ। ਕਹਿਣ ਲੱਗਿਆ, ਮੈਨੂੰ ਮਿਲਾ ਦਿਓ। ਜੋ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਮੈਂ ਉਹਨੂੰ ਮਿਲਣਾ ਚਾਹੁੰਦਾ ਹਾਂ, ਉਹਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਸੰਤ ਹੋਰ ਪ੍ਰਸੰਨ ਹੋ ਗਏ। ਕਹਿਣ ਲੱਗੇ ਕਿ ਆਹ ਫੜ ਚਾਬੀ। ਇਹ ਚਾਬੀ ਹੈ ਮੰਤਰ, ਇਹ ਲੋਹੇ ਦੀ ਚਾਬੀ ਨਹੀਂ। ਨੰਬਰਾਂ ਦੀ ਚਾਬੀ ਨਹੀਂ, ਇਹ ਮੰਤਰ ਦੀ ਚਾਬੀ ਹੈ। ਕਿਸੇ ਦੀ ਚਾਬੀ ਅੱਲਾਹ ਦੀ ਹੈ, ਕਿਸੇ ਦੀ ਵਾਹਿਗੁਰੂ ਦੀ ਹੈ, ਕਿਸੇ ਦੀ ਓਮ ਦੀ ਹੈ, ਕਿਸੇ ਦੀ ਨਾਰਾਇਣ ਦੀ ਹੈ, ਕਿਸੇ ਦੀ ਕਿਸੇ ਅੱਖਰ ਦੀ। ਇਹ ਚਾਬੀ ਤੂੰ ਅੰਦਰ ਲਾਉਂਦਾ ਤੁਰਿਆ ਜਾਹ ਤੇ ਛੇ ਤੇਰੇ ਕੋਲ ਦਰਵਾਜ਼ੇ ਆਉਣਗੇ, ਆਖਰੀ ਦਰਵਾਜ਼ੇ ਦਾ ਨਾਉਂ ਆਗਿਆ ਚੱਕਰ ਹੈ। ਗੁਰੂ ਮਹਾਰਾਜ ਨੇ ਤਾਂ ਸਾਨੂੰ ਆਗਿਆ ਚੱਕਰ ਤੋਂ ਸ਼ੁਰੂ ਕਰ ਦਿਤਾ। ਵੈਸੇ ਅਸੀਂ ਹੇਠਾਂ ਦੀ ਜਾਂਦੇ ਹਾਂ। ਕਿਉਂਕਿ ਬੈਖਰੀ ਬਾਣੀ ਨਾਲ ਨਾਮ ਜਪਦੇ ਹਾਂ, ਫੇਰ ਮੱਧਮਾ ਨਾਲ ਜਪਦੇ ਹਾਂ, ਫੇਰ ਪਸੰਤੀ ਨਾਲ ਜਪਦੇ ਹਾਂ, ਫੇਰ ਪਰਾ ਨਾਲ ਜਪਦੇ ਹਾਂ। ਨਾਭੀ 'ਚ ਜਪਦੇ ਹਾਂ, ਹਿਰਦੇ 'ਚ ਜਪਦੇ ਹਾਂ, ਕੰਠ ਵਿਚ ਜਪਦੇ ਹਾਂ। ਫੇਰ ਜਦੋਂ ਆਗਿਆ ਚੱਕਰ ਜਪਦੇ ਹਾਂ, ਜਿਥੇ ਦੋਹੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ। ਇਥੇ ਆ ਕੇ ਸ਼ਬਦ ਦੀ ਧੁਨ ਸੁਣਨੀ ਸ਼ੁਰੂ ਹੋ ਜਾਂਦੀ ਹੈ। ਉਹ ਧੁਨ ਸੇਧ ਵਿਚ ਤੁਰਦੇ ਹਾਂ। ਜਦੋਂ ਤੁਰਦੇ ਹਾਂ ਫੇਰ ਪ੍ਰਕਾਸ਼ ਆ ਜਾਂਦਾ ਹੈ। ਉਸ ਪ੍ਰਕਾਸ਼ ਦੇ ਨਾਲ ਜਦੋਂ ਇਕ ਮੰਜ਼ਿਲ ਜਦੋਂ ਅਸੀਂ ਹੋਰ ਉਪਰ ਚੜ੍ਹਦੇ ਹਾਂ, ਉਸ ਵੇਲੇ ਰਿੱਧੀਆਂ-ਸਿੱਧੀਆਂ ਬੇਅੰਤ ਚੀਜ਼ਾਂ ਮਨ ਨੂੰ ਲੁਭਾਉਣ ਵਾਲੀਆਂ, ਬੇਅੰਤ ਸੰਗਤਾਂ, ਬੇਅੰਤ ਦੁਨੀਆਂ, ਮਾਣ ਕਰਨ ਵਾਲੀਆਂ। ਉਥੇ ਆ ਕੇ ਝਮੇਲਾ ਪੈਂਦਾ ਹੈ-

ਚਾਲੇ ਥੇ ਹਰਿ ਮਿਲਨ ਕਉ
ਬੀਚੈ ਅਟਕਿਓ ਚੀਤੁ ॥ *ਅੰਗ- ੧੩੬੯*

ਉਥੋਂ ਫੇਰ ਹੇਠਾਂ ਨੂੰ ਚਲਦੈ, ਹੇਠਾਂ ਫੇਰ ਚਾਨਣਾ ਮੁੱਕ ਜਾਂਦੈ, ਫੇਰ ਹਨ੍ਹੇਰੇ 'ਚ ਆ ਕੇ ਉਹੋ ਜਿਹਾ ਹੀ ਫੇਰ ਹੋ ਜਾਂਦੈ। ਰਿੱਧੀ-ਸਿੱਧੀ ਗੁਆ ਬੈਠਦੈ, ਸਾਰੀ ਤਾਕਤ ਖਤਮ ਹੋ ਜਾਂਦੀ ਹੈ। ਜਾਂਦਾ ਤਾਂ ਉਪਰ ਨੂੰ ਸੀ, ਪਰ ਉਥੋਂ ਹੇਠਾਂ ਨੂੰ ਤੁਰ ਪਿਆ। ਫੇਰ ਤ੍ਰਿਕੁਟੀ ਆ ਜਾਂਦੀ ਹੈ -

ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ
ਤਾ ਮਨੁ ਖੀਵਾ ਭਾਈ ॥ *ਅੰਗ - ੧੧੨੩*

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ
ਬਾਜੈ ਸਬਦੁ ਨੀਸਾਣੁ ॥ *ਅੰਗ - ੧੨੯੧*

ਧੁਨ ਹੋ ਰਹੀ ਹੈ ਉਥੇ, ਸ਼ਬਦ ਨਿਸ਼ਾਨੀ ਹੈ ਉਥੇ ਤੇ ਉਥੇ ਸੱਚੇ ਤਖਤ ਦੇ ਉਤੇ ਸੁਲਤਾਨ ਬੈਠਾ ਹੈ। ਸੋ ਇਹ ਸਫਰ ਹੈ ਸਾਡਾ ਸਾਧਸੰਗਤ ਜੀ। ਇਹ ਤਾਲਾ ਲੱਗਿਆ ਹੋਇਐ -

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅੰਗ – ੯੫੪

ਗੁਰੂ ਸ਼ਬਦ ਦੇ ਦੇਵੇ, ਫੇਰ ਖੁਲ੍ਹ ਜਾਂਦੈ। ਜਦੋਂ ਖੁਲ੍ਹਿਆ ਫੇਰ –

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਅੰਗ– ੯੫੪

ਧੁਨ ਵਜ ਰਹੀ ਹੈ ਉਥੇ ਅਨਹਦ ਸ਼ਬਦਾਂ ਦੀ। ਉਹ ਸ਼ਬਦ ਉਥੇ ਸੁਣਨਾ ਸ਼ੁਰੂ ਹੋ ਜਾਂਦੈ, ਜਿਸ ਨੂੰ ਓਅੰਕਾਰ ਦਾ ਸ਼ਬਦ ਕਹਿੰਦੇ ਨੇ। ਉਹ ਦਿਬਯ ਸ਼ਬਦ ਹੈ, ਓਅੰਕਾਰ ਤਾਂ ਅਸੀਂ ਅੱਖਰਾਂ ਨਾਲ ਬਣਾਉਂਦੇ ਹਾਂ। ਮਨੁੱਖ ਦੀ ਬੋਲੀ ਵਿਚ ਉਹ ਸ਼ਬਦ ਨਹੀਂ ਆਉਂਦਾ। ਮਨੁੱਖ ਜੇ ਧੁਨ ਵੀ ਬਣਾ ਲਵੇ ਤਾਂ ਵੀ ਉਹ ਦਿਬ ਸ਼ਬਦ ਦੀ ਧੁਨ ਦੀ ਨਕਲ ਨਹੀਂ ਹੋ ਸਕਦੀ। ਇਹ ਆਪਣੇ ਹਿਸਾਬ ਨਾਲ ਬਣਾਉਂਦੈ, ਜੋ ਉਹ ਧੁਨ ਹੈ, ਉਹ ਓਹੀ ਜਾਣਦੇ ਨੇ, ਜਿਹੜੇ ਉਥੇ ਤਕ ਪਹੁੰਚ ਗਏ –

ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਅੰਗ – ੯੫੪

ਫੇਰ ਪ੍ਰਕਾਸ਼ ਆ ਗਿਆ। ਫੇਰ ਪਿਆਰ ਕਰਦੈ। ਅਗਾਹਾਂ ਪਿਆਰ ਦੀ ਚਾਬੀ ਲਗਦੀ ਹੈ, ਅਗਲੇ ਦਰਵਾਜ਼ਿਆ ਨੂੰ। ਜਦੋਂ ਪਿਆਰ ਦੇ ਨਾਲ ਦਰਵਾਜ਼ਾ ਖੋਲ੍ਹਿਆ ਪ੍ਰਕਾਸ਼ ਹੋ ਗਿਆ। ਫੇਰ –

ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥
ਅੰਗ – ੯੫੪

ਪਹਿਲਾਂ ਤਾਂ ਆਪਣੇ 'ਚ ਦਿਖਿਆ। ਜਦੋਂ ਬਾਹਰ ਨੂੰ ਦੇਖਿਆ, ਫੇਰ ਕਹਿੰਦਾ ਇਥੇ ਤਾਂ –

ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ ॥ ਅੰਗ– ੬੮੪

ਇਹ ਤਾਂ ਸਾਰੇ ਪ੍ਰੀਪੂਰਨ ਹੈ ਅੰਦਰ ਬਾਹਰ –

ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ।
ਨਾ ਘਾਟ ਹੈ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ।
ਅਕਾਲ ਉਸਤਤਿ

ਸੋ ਇਹ ਦਰਵਾਜ਼ਾ ਨਹੀਂ ਖੁਲ੍ਹਦਾ –

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਵਰ ਨ ਕੁੰਜੀ ਹਥਿ ॥ ਅੰਗ– ੧੨੩੭

ਹੁਣ ਤਾਂ ਹੱਥ ਵਿਚ ਕੁੰਜੀ ਨਹੀਂ ਕਿਸੇ ਦੇ –

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ
ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ
ਬਿਨੁ ਸਤਿਗੁਰ ਸਰਣਾਈ ॥ ਅੰਗ – ੨੦੫

ਜਿੰਨਾਂ ਚਿਰ ਸਤਿਗੁਰ ਦੀ ਸ਼ਰਨ ਵਿਚ ਨਹੀਂ ਆਉਂਦਾ ਸਿੱਧਾ ਹੋ ਕੇ, ਓਨੀਂ ਦੇਰ ਤਕ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ। ਪਹਿਲਾਂ ਤਾਂ ਮਨ ਇਸ ਪਾਸੇ ਮੋੜਨਾ ਪੈਂਦੈ। ਸਾਰੀਆਂ ਗੱਲਾਂ ਛੱਡ ਕੇ ਜਿਹੜੀ ਅਸਲੀ ਗੱਲ ਹੈ ਓਧਰ ਧਿਆਨ ਦੇਣਾ ਪੈਂਦੈ ਕਿ ਮੈਂ ਤਾਂ ਵਕਤ ਹੀ ਖਰਾਬ ਕਰ ਲਿਆ ਸਾਰਾ ਹੀ। ਜਿਨ੍ਹਾਂ ਪਿੱਛੇ ਮੈਂ ਵਕਤ ਖਰਾਬ ਕਰਿਆ ਹੈ ਇਹ ਮੇਰੇ ਨਾਲ ਕੋਈ ਵੀ ਨਹੀਂ ਜਾਣ ਵਾਲਾ। ਸਮੇਂ ਦਾ ਫੇਰ ਹੈ ਜਦੋਂ ਬੁਢਾਪਾ ਆ ਜਾਂਦਾ ਹੈ ਕੋਈ ਨਹੀਂ ਸਾਥੀ ਹੁੰਦਾ। ਉਸ ਵੇਲੇ ਆਪਣੇ ਅੰਗ ਵੀ ਜਿਹੜੇ ਨੇ ਉਹ ਜਵਾਬ ਦੇ ਜਾਂਦੇ ਨੇ। ਇਹ ਵੀ ਸਾਥ ਛੱਡ ਜਾਂਦੇ ਨੇ। ਸਾਥੀ ਇਕ ਰਹਿੰਦਾ ਹੈ, ਉਹ ਹੈ ਪ੍ਰਭੂ, ਉਹ ਨਹੀਂ ਕਦੇ ਵਿਛੜਦਾ, ਉਹ ਨਹੀਂ ਦੇਖਦਾ ਕਿ ਇਹ ਬੁੱਢਾ ਹੋ ਗਿਆ, ਕੁਛ ਨਹੀਂ ਦੇਖਦਾ। ਜਦੋਂ ਤਕ ਗੁਰੂ ਤੋਂ ਸ਼ਬਦ ਨਹੀਂ ਪ੍ਰਾਪਤ ਹੁੰਦਾ, ਅੰਦਰ ਹਨ੍ਹੇਰਾ ਰਹਿੰਦੈ –

ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ – ੧੨੪

ਨਾ ਤਾਂ ਆਤਮ ਵਸਤ ਲੱਭਦੀ ਹੈ ਤੇ ਨਾ ਜੰਮਣਾ ਮਰਨਾ ਖਤਮ ਹੁੰਦੈ –

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ – ੧੨੪

ਹੁਣ ਹੋਰ ਤਾਂ ਕੋਈ ਤਰੀਕਾ ਨਹੀਂ ਦਰਵਾਜ਼ੇ ਨੂੰ ਖੋਲ੍ਹਣ ਦਾ, ਕੁੰਜੀ ਤਾਂ ਗੁਰੂ ਕੋਲ ਹੈ। ਪੂਰਾ ਭਾਗ ਬਣੇ ਤਾਂ ਗੁਰੂ ਮਿਲਦੈ। ਜਦੋਂ ਗੁਰੂ ਮਿਲ ਗਿਆ ਸਾਧਸੰਗਤ ਜੀ, ਗੁਰੂ ਇਥੇ ਹੀ ਨਹੀਂ ਕੰਮ ਕਰਦਾ, ਜੇ ਅਸੀਂ ਨਹੀਂ ਵੀ ਦਰਵਾਜ਼ਾ ਖੋਲ੍ਹ ਸਕੇ, ਦੂਜਾ ਦਰਵਾਜ਼ਾ ਮਿਲ ਜਾਂਦੈ ਉਹ ਵੀ ਨਾ ਜੇ ਖੋਲ੍ਹ ਸਕੇ, ਤੀਜਾ ਮਿਲ ਜੂ, ਚੌਥਾ ਮਿਲ ਜੂ, ਕੋਈ ਸਾਥੀ ਸਾਨੂੰ ਬਣਾ ਲੈਣਾ ਚਾਹੀਦੈ। ਸੱਚੀਮੁੱਚੀਂ ਉਹਦੇ ਨਾਲ ਪਿਆਰ ਕਰਨਾ ਚਾਹੀਦੈ। ਫੇਰ ਤਾਂ ਉਹ ਸਾਥੀ ਹੁੰਦੈ। ਪਿਆਰ ਤਾਂ ਕਰੀਏ ਮਾਇਆ ਨਾਲ। ਪੰਜ ਪਿਆਰੇ ਤਾਂ ਅਸੀਂ ਕਹਿ ਦਿੰਦੇ ਹਾਂ, ਪੰਜ ਪਿਆਰੇ ਅੰਮ੍ਰਿਤ ਛਕਾਉਣਗੇ, ਪਿਆਰੇ ਹੋਏ ਮਾਇਆ ਦੇ। ਪਿਆਰੇ ਹੋਏ ਆਪਣੀ ਪ੍ਰਭਤਾ ਦੇ, ਪਿਆਰੇ ਹੋਏ ਪਰਿਵਾਰ ਦੇ। ਪਿਆਰੇ ਹੋਏ ਆਪਣੇ ਸਰੀਰ ਦੇ, ਦੇਹ ਅਧਿਆਸ ਦੇ, ਉਹ ਨਹੀਂ ਪਿਆਰੇ ਹੁੰਦੇ, ਪਿਆਰੇ ਉਹ ਹੁੰਦੇ ਨੇ ਜਿਹੜੇ

ਗੁਰੂ ਦੇ ਪਿਆਰੇ ਹੁੰਦੇ ਨੇ -

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥

ਅੰਗ - ੫੧੭

ਉਨ੍ਹਾਂ ਨੂੰ ਗੁਰੂ ਤੋਂ ਬਗੈਰ ਹੋਰ ਕੋਈ ਹੁੰਦਾ ਹੀ ਨਹੀਂ। ਬੋਲਦੇ ਨੇ ਤਾਂ ਵੀ ਗੁਰੂ, ਦੇਖਦੇ ਨੇ ਤਾਂ ਵੀ ਗੁਰੂ, ਸੁਪਨੇ ਲੈਂਦੇ ਨੇ ਤਾਂ ਵੀ ਗੁਰੂ ਦੇ, ਗੁਰੂ ਨਹੀਂ ਉਹਨਾਂ ਨੂੰ ਇਕ ਸਕਿੰਟ ਵਾਸਤੇ ਵਿਸਰਦਾ। ਜਿਨ੍ਹਾਂ ਨੂੰ ਨਹੀਂ ਵਿਸਰਦਾ -

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਾ ਬਹਿੰਦੇ।

ਖਿੱਚ ਜਿਨ੍ਹਾਂ ਦੇ ਹਿਰਦੇ ਵਿਚ ਹੈ, ਉਹਨਾਂ ਦੇ ਪਿਆਰ ਦੀ ਨਿਸ਼ਾਨੀ ਹੁੰਦੀ ਹੈ। ਉਨ੍ਹਾਂ ਨੂੰ ਪਿਆਰੇ ਕਹਿੰਦੇ ਨੇ, ਉਹ ਪੰਜ ਪਿਆਰੇ ਜਦੋਂ ਇਕੱਠੇ ਹੋ ਜਾਣ ਉਹਨਾਂ 'ਚ ਗੁਰੂ ਵਰਤਦੈ। ਨਿਰੰਕਾਰ ਵਰਤਦੈ, ਆਪ ਗੁਰੂ ਨਾਨਕ ਸਾਹਿਬ ਵਰਤਦੈ। ਉਹਨਾਂ ਦੇ ਵਿਚੀਂ ਹੋ ਕੇ ਫੇਰ ਕੰਮ ਕਰਦੈ। ਗੁਰੂ ਘਰ 'ਚ ਤਾਂ ਹੈਗੀ ਇਹੀ ਰੀਤ। ਬਾਕੀ ਸਾਨੂੰ ਕੋਈ ਪਤਾ ਨਹੀਂ ਕਿਸ ਤਰ੍ਹਾਂ ਦੇ ਨਾਲ ਕਰਦੇ ਨੇ। ਕਰਦੇ ਸਾਰੇ ਨੇ। ਈਸਾਈ ਵੀ ਅੰਮ੍ਰਿਤ ਛਕਾਉਂਦੇ ਨੇ। ਬੈਪਟਾਈਜ਼ ਉਹਨੂੰ ਕਹਿੰਦੇ ਨੇ। ਬੈਪਟਾਈਜ਼ ਹੋ ਗਿਆ। ਹਰ ਧਰਮ ਦਾ ਆਪਣਾ-ਆਪਣਾ ਤਰੀਕਾ ਹੈ। ਠੀਕ ਹੈ ਆਪਣੇ-ਆਪਣੇ 'ਚ ਹੀ ਪੱਕੇ ਰਹਿਣਾ ਚਾਹੀਦੈ। ਪੱਕੀ ਨੇਸ਼ਠਾ ਰੱਖਣੀ ਚਾਹੀਦੀ ਹੈ ਪਰ ਗੁਰੂ ਘਰ ਦਾ, ਜੋ ਗੁਰੂ ਨਾਨਕ ਸਾਹਿਬ ਨੂੰ ਮੰਨਦੈ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਸਤਕ ਨਿਵਾਉਂਦੈ। ਉਹਨੂੰ ਤਾਂ ਇਸੇ ਤਰੀਕੇ ਦੇ ਨਾਲ ਚਾਬੀ ਮਿਲਣੀ ਹੈ। ਹੋਰ ਕੋਈ ਤਰੀਕਾ ਨਹੀਂ। ਜੇ ਹੈ ਨਹੀਂ ਸਾਡਾ ਕੋਈ, ਅਸੀਂ ਬਣਾਇਆ ਨਹੀਂ, ਅਸੀਂ ਆਪਣੇ ਆਪ ਨੂੰ ਕਿਸੇ ਨਾਲ beld (ਜੋੜਿਆ) ਹੀ ਨਹੀਂ ਕਰਿਆ। ਕਈਆਂ ਦਾ ਖਿਆਲ ਹੁੰਦੈ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦਾਂ, ਉਹਦੇ ਪਿੱਛੇ ਲੜਨਗੇ ਵੀ, ਝਗੜਨਗੇ ਵੀ।

ਇਕ ਗੁਰਦੁਆਰੇ ਮੈਂ ਕੀਰਤਨ ਕਰਦਾ ਸੀ, ਉਹ ਕਮੇਟੀ ਸੀ ਸਾਰੀ ਗੁਰਦੁਆਰੇ ਦੀ। ਕਈ ਸਾਲ ਦੀ ਗੱਲ ਹੈ। ਉਹ ਕਹਿਣ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰ੍ਹਾਂ ਮੱਥਾ ਟੇਕਣਾ ਹੈ, ਇਥੇ ਤਸਵੀਰ ਨਹੀਂ ਹੋਣੀ ਚਾਹੀਦੀ। ਇਥੇ ਆਹ ਨਹੀਂ ਹੋਣਾ ਚਾਹੀਦਾ। ਇਹੋ ਜਿਹੀਆਂ ਗੱਲਾਂ ਕਰੀ ਜਾਣ। ਮੈਂ ਕਿਹਾ ਕਿ ਤੁਸੀਂ ਸਿੱਖ ਹੋਂ? ਕਹਿੰਦੇ, ਹਾਂ। ਮੈਂ ਕਿਹਾ ਕਿ ਤੁਸੀਂ ਗੁਰੂ ਤੋਂ ਨਾਮ ਲਿਐ? ਕਹਿੰਦੇ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। ਮੈਂ ਕਿਹਾ, ਮੰਨਣਾ ਨਹੀਂ ਮੈਂ ਪੁੱਛਦਾ, ਮੈਂ ਪੁੱਛਦਾ ਹਾਂ ਕਿ ਤੁਹਾਡਾ ਸਬੰਧ ਗੁਰੂ ਨਾਲ ਜੁੜ ਗਿਆ? ਜੇ ਸਬੰਧ ਨਹੀਂ ਜੁੜਿਆ ਤਾਂ ਨਾਮ ਨਹੀਂ ਮਿਲਿਆ। ਜੇ ਨਾਮ ਨਹੀਂ ਮਿਲਿਆ, ਤਾਂ ਤੁਹਾਡੀ ਜਿਹੜੀ ਤੁਲਨਾ ਹੈ ਉਹ ਇਹ ਹੈ -

ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ
ਸਰਪਨਹ ਤੁਲਿ ਖਲਹ ॥ *ਅੰਗ - ੧੩੫੬*

ਜੇ ਤੁਹਾਨੂੰ ਗੁਰੂ ਤੋਂ ਮੰਤਰ ਨਹੀਂ ਮਿਲਿਆ ਤਾਂ ਤੁਹਾਡਾ ਜਨਮ ਧਿਰਕਾਰਯੋਗ ਹੈ। ਚਾਹੇ ਤੁਸੀਂ ਕਮੇਟੀ ਦੇ ਪ੍ਰਧਾਨ ਹੋਂ, ਚਾਹੇ ਕੁਛ ਹੋਂ। ਮੈਂ ਕਿਹਾ, ਤੁਸੀਂ ਤਾਂ ਫੇਰ ਕੁੱਤੇ, ਬਿੱਲੇ, ਸੂਰ, ਸੱਪ ਤੇ ਗਧੇ ਦੇ ਬਰਾਬਰ ਹੋਂ ਤੁਸੀਂ ਤਾਂ। ਤੁਸੀਂ ਤਾਂ ਕਹਾ ਹੀ ਨਹੀਂ ਸਕਦੇ, ਤੁਹਾਡਾ ਕੀ ਅਖਤਿਆਰ ਹੈ ਗੁਰਦੁਆਰੇ ਬਾਰੇ ਗੱਲ ਕਰਨ ਦਾ। ਕਿਉਂ ਗੁਰਦੁਆਰੇ 'ਤੇ ਕਬਜ਼ਾ ਕਰੀਂ ਬੈਠੇ ਹੋਂ। ਤੁਸੀਂ ਤਾਂ ਗੁਰੂ ਨਾਲ ਜੁੜੇ ਹੀ ਨਹੀਂ ਹਾਲੇ ਤੱਕ। ਜਦ ਗੁਰੂ ਨਾਲ ਨਹੀਂ ਜੁੜੇ, ਤੁਹਾਡਾ ਇਸ ਘਰ ਨਾਲ ਕੀ ਸਬੰਧ ਹੈ?

ਦੇਖੋ, ਸਾਧਸੰਗਤ ਜੀ! ਦੁਨਿਆਵੀ ਰਿਸ਼ਤਾ ਤਾਂ ਹੋ ਸਕਦੈ, ਰੂਹਾਨੀ ਨਹੀਂ ਹੋ ਸਕਦਾ। ਕਿਉਂਕਿ ਦੁਨਿਆਵੀ ਤਾਂ ਇਹ ਹੈ ਕੋਈ ਰਾਹ ਗੁਜ਼ਰ, ਚਾਹੇ ਕਿਸੇ ਧਰਮ ਦਾ ਹੈ, ਜੇ ਸ਼ਰਧਾ ਦੇ ਨਾਲ -

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

ਅੰਗ - ੬੮੧

ਇਨ੍ਹਾਂ ਨੇ ਦੇਣਾ ਹੈ ਕਿਉਂਕਿ ਦਾਤੇ ਨੇ। ਇਹ ਨਹੀਂ ਦੇਖਦੇ, ਸਤਿਗੁਰੂ ਨਿਰਵੈਰ ਹੈ, ਕਿਸੇ ਨਾਲ ਵੈਰ ਨਹੀਂ ਉਹਦਾ। ਉਹ ਜਿਹੋ ਜਿਹੀ ਕੋਈ ਭਾਵਨਾ ਲੈ ਕੇ ਆਉਂਦਾ ਹੈ, ਉਹਦੀ ਭਾਵਨਾ ਪੂਰੀ ਕਰਦੈ। ਪਰ ਜੁੜਿਆ ਹੋਇਆ ਤਾਂ ਹੈ ਨਹੀਂ। ਆਪਣਾ ਤਾਂ ਬਣਿਆ ਨਹੀਂ। ਜਦੋਂ ਆਪਣਾ ਨਹੀਂ ਬਣਿਆ, ਫੇਰ ਉਹ ਸਹਾਇਤਾ ਕਿਵੇਂ ਕਰੇਗਾ? ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਦਰਗਹ ਵਿਚ ਕੌਣ ਵਕੀਲ ਬਣੂੰ,
ਪੂਰੇ ਸਤਿਗੁਰ ਬਾਝੋਂ।
ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

ਅੰਗ - ੯੫੭

ਕਹਿੰਦੇ, ਦਰਗਾਹ ਦਾ ਵਕੀਲ ਜੇ ਕੋਈ ਹੈ ਤਾਂ

ਗੁਰੂ ਹੈ। ਕਿਉਂਕਿ -

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥
ਅੰਗ - ੧੨੮੧

ਸੋ ਜਦੋਂ ਸੰਸਾਰ 'ਚ ਉਸ ਨੂੰ ਬਣਾਇਆ ਹੀ ਨਹੀਂ ਹੈ ਆਪਣਾ। ਫੇਰ ਉਹ ਦਰਗਾਹ ਤੋਂ ਰਾਖੀ ਕਰਨ ਵਾਸਤੇ, ਕਿ ਜਾਵੇ ਹੀ ਨਾ ਇਹ, ਮੰਤਰ ਦੇ ਦਿੰਦੇ -

ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਅੰਗ - ੯੫੭

ਹਉਮੈ ਦਾ ਜਿਹੜਾ ਰੋਗ ਲੱਗਿਆ ਹੋਇਆ ਹੈ ਇਹ ਬੀਮਾਰੀ ਸਭ ਨੂੰ ਲੱਗੀ ਹੋਈ ਹੈ। ਉਹ ਕੱਟ ਦਿੰਦੇ-

ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ ॥ ਅੰਗ - ੯੫੭

ਪਰ ਇਹਦੇ 'ਚ ਮਿਲਦਾ ਉਹਨਾਂ ਨੂੰ ਹੈ ਜਿਨ੍ਹਾਂ ਦੇ ਮੱਥੇ ਉਤੇ ਲੇਖ ਲਿਖੇ ਹੁੰਦੇ ਨੇ। ਬਾਕੀਆਂ ਨੂੰ ਨਹੀਂ ਮਿਲਦਾ। ਸੋ ਇਸ ਕਰਕੇ ਸੰਸਾਰ ਦੇ ਇਨਸਾਨ ਦਾ ਆਉਣਾ ਕੇਵਲ ਪ੍ਰਮੇਸ਼ਰ ਪ੍ਰਾਪਤੀ ਵਾਸਤੇ ਹੈ -

ਗੁਰ ਸੇਵਾ ਤੇ ਭਗਤਿ ਕਮਾਈ ॥ ਅੰਗ - ੧੧੫੯

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਦੀ ਕਮਾਈ ਕਰਨ ਵਾਸਤੇ -

ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥ ਅੰਗ - ੧੧੫੯

ਜਿਹੜਾ ਫੇਰ ਭਗਤੀ ਨਹੀਂ ਕਰਦਾ, ਫੇਰ ਉਹਦੇ ਆਉਣ ਦਾ ਮਨੋਰਥ ਕੇਵਲ ਇਹ ਹੈ ਕਿ - ਖਾਓ, ਪੀਓ ਤੇ ਮੌਜ ਕਰੋ, ਮਰ ਜਾਣੈ। ਨਾ ਅਗਲਾ ਪਤੈ, ਨਾ ਪਿਛਲਾ ਪਤਾ ਹੈ ਕਿ ਅਸੀਂ ਕਿਥੋਂ ਆਏ ਹਾਂ। ਕੋਈ ਇਹਨੂੰ ਵਿਸ਼ਵਾਸ਼ ਨਹੀਂ ਹੈ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥
ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ - ੧੭੬

ਮੈਂ ਤਾਂ ਪੱਥਰਾਂ ਵਗੈਰਾਂ 'ਚੋਂ ਤੁਰਦਾ-ਤੁਰਦਾ ਮਨੁੱਖ ਜਾਮੇ 'ਚ ਪਹੁੰਚਿਆ ਹਾਂ। ਹੁਣ ਮੈਂ ਮਰਨ ਦੇ ਬਾਅਦ ਮਰ ਜਾਵਾਂਗਾ ਕਿ ਮੇਰੀ ਹਸਤੀ ਕਾਇਮ ਰਹੇਗੀ। ਇਸ ਸਮੱਸਿਆ ਹੈ। ਆਦਮੀ ਮੰਨਦਾ ਨਹੀਂ ਇਸ ਚੀਜ਼ ਨੂੰ। ਆਪਣੀ ਅਕਲ ਦੇ ਨਾਲ ਲੜਨਾ ਚਾਹੁੰਦੈ। ਗੁਰੂ ਦੀ ਬਾਤ, ਸ਼ਾਸਤਰਾਂ ਦੀ ਬਾਤ, ਵੇਦਾਂ ਦੀ, ਕੁਰਾਨ ਸ਼ਰੀਫ ਦੀ ਬਾਤ ਮੰਨਣ ਨੂੰ ਵੀ ਤਿਆਰ ਨਹੀਂ ਹੈ। ਮਹਾਂਪੁਰਸ਼ਾਂ ਦੀ ਗੱਲ ਮੰਨ ਲੈ ਕਿਉਂਕਿ-

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ - ੮੯੪

ਗਵਾਹੀ ਸੰਤਾਂ ਦੀ ਕਹਿੰਦੇ ਸੱਚੀ ਹੁੰਦੀ ਹੈ। ਗੱਲ ਉਹ ਕਹਿੰਦੇ ਨੇ ਜਿਹੜੀ ਅੱਖਾਂ ਨਾਲ ਦੇਖੀ ਹੁੰਦੀ ਹੈ। ਸੁਣੀ ਸੁਣਾਈ ਗੱਲ ਸੰਤ ਨਹੀਂ ਕਹਿੰਦੇ। ਤੈਨੂੰ ਦਸ ਰਹੇ ਨੇ ਕਿ ਤੂੰ ਇਹ ਨਾ ਕਰ। ਜੇ ਬਹੁਤੇ ਸੁਆਦਾਂ 'ਚ ਪੈ ਗਿਆ। 'ਬਹੁ ਸਾਦਹੁ ਉਪਜੈ ਰੋਗ।' ਜੇ ਖਸਮ ਨੂੰ ਭੁੱਲ ਗਿਆ-

ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬

ਰੋਗੀ ਹੋ ਜਾਏਂਗਾ। ਬਿਮਾਰ ਹੋ ਜਾਏਂਗਾ। ਝੁੰਜਲਾਹਟ ਆ ਜਾਏਗੀ। ਮਾਇਆ ਨੇ ਸਾਥ ਛੱਡ ਜਾਣੈ। ਵਿਸ਼ਿਆਂ ਨੇ ਤੈਨੂੰ ਭੋਗ ਜਾਣੈ, ਤੂੰ ਵਿਸ਼ਿਆਂ ਨੂੰ ਨਹੀਂ ਭੋਗਣਾ। ਤੇਰਾ ਸਰੀਰ ਬਿਲਕੁਲ ਰਹਿ ਜਾਏਗਾ, ਇਹ ਤਾਂ ਫੇਰ ਤੇਰਾ ਸਾਥ ਨਾ ਹੋਇਆ। ਸਾਥ ਤਾਂ ਤੇਰਾ ਓਹੀ ਹੈ, ਜਿਹੜਾ ਗੁਰੂ ਹੈ। ਇਹ ਕੰਮ ਕਰਨ ਵਾਸਤੇ ਆਏ ਹਾਂ, ਜੇ ਨਹੀਂ ਕਰਨ ਆਏ ਅਸੀਂ ਤਾਂ ਪ੍ਰਸ਼ਨ ਕਰਦੇ ਨੇ ਮਹਾਰਾਜ ਉਹਦੇ ਉਤੇ-

ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਓਏ।

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ - ੪੫੦

ਕਿਹੋ ਜਿਹਾ ਰਾਮ। ਜਿਹਨੂੰ ਜੇ ਇਕ ਵਾਰੀ ਵੀ ਮੂੰਹ ਤੋਂ ਕਹਿ ਦੇਈਏ, ਤਾਂ ਵੀ ਜਮਾਂ ਤੋਂ ਛੁਟ ਜਾਏਗਾ -

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ
ਸੋ ਗਤਿ ਛਿਨ ਮਹਿ ਪਾਈ ॥ ਅੰਗ - ੯੦੨

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਅੰਗ - ੬੩੨

ਅਸੀਂ ਬਹੁਤ ਗਲਤੀ ਕਰਦੇ ਹਾਂ, ਮਹਾਰਾਜ ਕਹਿੰਦੇ, ਦੇਖ ਸੁਣ-

ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰ ਧਾਰੋ ॥ *ਅੰਗ - ੬੩੨*

ਗਨਕਾ ਵਰਗੀ ਪਾਪਣ ਜਦੋਂ ਰਾਮ ਦਾ ਨਾਮ ਉਹਨੂੰ ਮਿਲਿਆ। ਤੋਤੇ ਨੂੰ ਪੜ੍ਹਾਇਆ ਕਰਦੀ ਸੀ। ਪੜ੍ਹਾਉਂਦੇ-ਪੜ੍ਹਾਉਂਦੇ ਲਿਵ ਲਗ ਗਈ ਉਸ ਦੀ। ਲਿਵ ਲਗ ਕੇ ਅੰਤ ਸਮਾਂ ਆਇਆ। ਉਸ ਵੇਲੇ ਉਹਦੇ ਮੂੰਹ ਦੇ ਵਿਚ ਰਾਮ-ਰਾਮ ਸੀ। ਕਹਿੰਦੇ, ਰਾਮ-ਰਾਮ ਕਹਿਣ ਦੇ ਨਾਲ, ਬੈਕੁੰਠਾਂ ਨੂੰ ਚਲੀ ਗਈ। ਵੱਡੀ ਤੋਂ ਵੱਡੀ ਪਦਵੀ ਉਸ ਨੂੰ ਪ੍ਰਾਪਤ ਹੋ ਗਈ ਉਸਨੂੰ ਜਿਹਨੇ ਸਾਰੀ ਜ਼ਿੰਦਗੀ ਵਿਸ਼ੇ-ਵਿਕਾਰਾਂ 'ਚ ਭੋਗੀ ਸੀ, ਪਾਪ ਕਿਧਰ ਚਲੇ ਗਏ ਉਹਦੇ ਫੇਰ ਫਲ ਦੇਣ ਨੂੰ? ਉਹ ਪਾਪ ਤਾਂ ਸਾਰੇ ਖਤਮ ਹੋ ਜਾਂਦੇ ਨੇ -

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ *ਅੰਗ - ੧੧੯੫*

ਪਾਪ ਨਹੀਂ ਨਾਲ ਰਿਹਾ ਕਰਦੇ, ਜਦੋਂ ਬੰਦਗੀ ਕਰਦੈ। ਬੰਦਗੀ ਕਰਨ ਦੇ ਨਾਲ ਧੋਅ ਕੇ ਪਰ੍ਹੇ ਮਾਰਦੈ, ਸਭ ਨਿਕਲ ਜਾਂਦੇ ਨੇ ਪਾਪ -

ਘੋਰ ਦੁਖੰ ਅਨਿਕ ਹਤ੍ਰੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ
ਪਾਵਕ ਕਾਸਟ ਭਸਮੰ ਕਰੋਤਿ ॥ *ਅੰਗ - ੧੩੫੫*

ਜਿਵੇਂ ਲੱਕੜੀਆਂ ਹੀ ਲੱਕੜੀਆਂ ਪਈਆਂ ਹੋਣ, ਉਹਨੂੰ ਅੱਗ ਦੇ ਦਿਓ। ਚਾਹੇ ਖੁੰਡ ਪਏ ਹੋਣ ਵੱਡੇ-ਵੱਡੇ ਜਿਹੜੇ ਚੀਰੇ ਨਾ ਜਾਣ। ਸਾਰਿਆਂ ਨੂੰ ਭਸਮ ਬਣਾ ਦੇਵੇਗਾ ਇਕ ਚੰਗਿਆੜਾ ਅੱਗ ਦਾ। ਇਸੇ ਤਰ੍ਹਾਂ ਜਿਹਨੂੰ ਪ੍ਰਮੇਸ਼ਰ ਦਾ ਨਾਮ ਪੂਰੇ ਗੁਰੂ ਤੋਂ ਮਿਲ ਗਿਆ, ਉਹਦੇ ਪਾਪ ਤਾਂ ਦਗਧ ਹੋਣੇ ਸ਼ੁਰੂ ਹੋ ਜਾਂਦੇ ਨੇ। ਪਾਪ ਵੀ ਦਗਧ ਹੋ ਜਾਂਦੇ ਨੇ, ਕਰਮ ਵੀ ਖਤਮ ਹੋ ਜਾਂਦੇ ਨੇ।

ਜਦੋਂ ਸੁਰਤੀ ਸ਼ਬਦ ਸੁਰਤਿ ਦੇ ਮਾਰਗ ਦੇ ਨਾਲ ਤ੍ਰਿਕੁਟੀ 'ਚ ਪਹੁੰਚਦੀ ਹੈ, ਉਥੇ ਸਟੋਰ ਹੁੰਦੈ ਇਹਦਾ ਸੰਸਕਾਰਾਂ ਦਾ, ਸਾਰੇ ਕਰਮ ਸਟੋਰ ਵਿਚ ਪਏ ਹੁੰਦੇ ਨੇ, ਉਹਨਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਜੀਵ ਨਾਲ ਹੀ ਲਈਂ ਫਿਰਦੈ, ਕਰੋੜਾਂ ਜਨਮਾਂ ਦੇ ਕਰਮਾਂ ਨੂੰ। ਭੋਗਦਾ ਹੈ ਆ-ਆ ਕੇ ਫੇਰ ਦੁਖੀ ਹੁੰਦੈ -

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
ਅੰਗ - ੪੩੩

ਕਾਹਨੂੰ ਦੋਸ਼ ਦਿੰਦੈ ਕਿਸੇ ਨੂੰ। ਤੇਰੇ ਹੀ ਕੀਤੇ ਹੋਏ ਕਰਮ, ਤੂੰ ਫਲ ਭੋਗਦਾ ਹੈਂ। ਸੋ ਉਹ ਜਦੋਂ ਨਾਮ ਜਪਦਾ ਹੈ ਚਿੱਤ ਇਕਾਗਰ ਕਰਕੇ, ਉਹਨਾਂ ਦਾ ਖਾਤਮਾ ਹੋ ਜਾਂਦੈ। ਮਹਾਰਾਜ ਕਹਿੰਦੇ, ਇਹੋ ਜਿਹਾ ਨਾਮ -

ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥ *ਅੰਗ - ੬੩੨*

ਹਾਥੀ ਨੇ ਇਕੋ ਵਾਰੀ ਰਾਮ ਕਿਹਾ ਸੀ। ਉਹਦੇ ਬੰਧਨ ਕੱਟ ਦਿਤੇ, ਤੰਦੂਆ ਫੜੀਂ ਬੈਠਾ ਸੀ, ਤੰਦੂਏ ਦੇ ਸਾਰੇ ਤੰਦ ਭਗਵਾਨ ਨੇ ਆ ਕੇ ਕੱਟ ਦਿਤੇ। ਫੇਰ ਕਹਿੰਦੇ -

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਅੰਗ - ੬੩੨

ਉਹਦੇ ਵੀ ਇਕ ਵਾਰੀ ਮੂੰਹ 'ਚੋਂ ਨਿਕਲਿਆ ਸੀ -

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ
ਕਰਿ ਨਾਰਾਇਣ ਬੋਲਾਰੇ ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ
ਜਮਕੰਕਰ ਮਾਰਿ ਬਿਦਾਰੇ ॥ *ਅੰਗ - ੯੮੧*

ਜਮ ਜੋ ਮਾਰਨ ਕੁੱਟਣ ਵਾਸਤੇ ਆਏ ਸੀ, ਸਾਰੇ ਨਠਾ ਦਿਤੇ। ਕਹਿੰਦੇ ਇਹੋ ਜਿਹਾ ਜਿਹੜਾ ਨਾਮ ਹੈ-

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥ *ਅੰਗ- ੬੩੨*

ਇਥੇ ਵੀ ਸਵਾਲ ਕਰਦੇ ਨੇ, ਕਿਹੜਾ ਤੇਰੇ ਕੋਲ ਅਧਾਰ ਹੈ, ਕਿਹੜਾ ਤੇਰੇ ਕੋਲ ਆਸਰਾ ਹੈ, ਜਿਹਦੇ ਕਰਕੇ ਤੂੰ ਉਹਨੂੰ ਭੁੱਲਿਆਂ ਬੈਠਾ ਹੈਂ? ਕੀ ਕਰਨ ਆਇਆ ਹੈਂ ਫੇਰ ਤੂੰ? -

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥
ਅੰਗ - ੪੫੦

ਹੁਣ ਵੱਤ ਲੱਗੀ ਹੋਈ ਹੈ ਤੂੰ ਨਾਮ ਨਹੀਂ ਬੀਜਿਆ। ਫੇਰ ਜਦੋਂ ਦਰਗਾਹ 'ਚ ਜਾਏਂਗਾ, ਉਥੇ

ਤਾਂ ਪੈਰ-ਪੈਰ 'ਤੇ ਨਾਮ ਦੀ ਲੋੜ ਪੈਣੀ ਹੈ -

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - ੨੬੪

ਉਥੇ ਰੋਸ਼ਨੀ ਬਣ ਗਈ। ਸੂਰਜ ਚੜ੍ਹ ਜਾਂਦੈ, ਹਨ੍ਹੇਰਾ ਖਤਮ ਹੋ ਜਾਂਦੈ -

ਜਹਾ ਪੰਥਿ ਤੇਰਾ ਕੋ ਨ ਸਿਵਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਅੰਗ- ੨੬੪

ਉਥੇ ਤੇਰੇ ਨਾਲ ਰਹੇਗਾ-

ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਅੰਗ - ੨੬੪

ਜਿਥੇ ਜੀਵ ਫੁੜਕ-ਫੁੜਕ ਕੇ ਗਿਰਦਾ ਹੈ, ਉਥੇ ਫੇਰ ਨਾਮ ਕੀ ਕਰਦਾ ਹੈ -

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਅੰਗ - ੨੬੪

ਫੇਰ ਛਾਉਂ ਬਣ ਜਾਂਦੈ -

ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ਅੰਗ - ੨੬੪

ਜਿਥੇ ਹੱਦ ਤੋਂ ਜ਼ਿਆਦਾ ਪਿਆਸ ਲਗਦੀ ਹੈ। ਉਥੇ ਅੰਮ੍ਰਿਤ ਦੀਆਂ ਬੂੰਦਾਂ ਸੁਟਦੈ। ਕਿੰਨਾ ਨਾਮ ਨੇ ਕੰਮ ਕਰਿਆ -

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਅੰਗ - ੨੬੪

ਜਦੋਂ ਜਮਦੂਤਾਂ ਨੇ ਘੇਰ ਲਿਆ ਤਾਂ ਫੇਰ ਕੀ ਹੁੰਦੈ, ਰਾਮ ਕਾਰ ਹੋ ਜਾਂਦੀ ਹੈ, ਆਲੇ-ਦੁਆਲੇ -

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥
ਅੰਗ - ੮੧੯

ਸ੍ਰੀ ਰਾਮ ਚੰਦਰ ਜੀ ਨੇ ਕਾਰ ਕੱਢ ਦਿਤੀ ਸੀ ਨਾ ਸੀਤਾ ਜੀ ਦੇ ਦੁਆਲੇ। ਰਾਵਣ ਦੀ ਤਾਕਤ ਨਹੀਂ ਸੀ ਕਿ ਉਹ ਕਾਰ (ਲੀਕ) ਦੇ ਉਤੋਂ ਦੀ ਲੰਘ ਜਾਂਦਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਰਾਮ ਕਾਰ ਨਾਲ ਜਾਂਦੀ ਹੈ ਜਿਹੜਾ ਬੰਦਗੀ ਕਰਦੈ। ਫੇਰ '***ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥***'

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ - ੨੬੪

ਸੋ ਉਹ ਨਾਮ ਜਿਹੜਾ ਹਰ ਔਕੜ 'ਚ ਸਹਾਇਤਾ ਕਰਦੈ। ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,
ਔਖੀ ਵੇਲਾ-ਔਖੀ ਵੇਲਾ।
ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥
ਸਾਹਿਬੁ ਨਿਤਾਣਿਆ ਕਾ ਤਾਣੁ ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥
੧ ॥ ਰਹਾਉ ॥
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥
ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਹਚਲੁ ਹੋਵੈ ਰਾਜੁ ॥ ੨ ॥ ਅੰਗ - ੭੦

ਮਹਾਰਾਜ ਕਹਿੰਦੇ, ਫੇਰ ਦਸ ਕਿਉਂ ਆਇਆ ਹੈਂ ਸੰਸਾਰ 'ਤੇ? ਤੂੰ ਹੀ ਦਸ ਦੇ ਸਾਨੂੰ ਜਾਂ ਸਾਡੀ ਸੁਣ ਲੈ। ਜੇ ਨਾਮ ਨਹੀਂ ਜਪਦਾ ਤਾਂ ਸਾਨੂੰ ਦਸ ਦੇ ਤੂੰ ਕੀ ਕਰਨ ਆਇਆ ਹੈਂ? ਰੋਟੀਆਂ ਖਾਣ ਆਇਐਂ, ਮਕਾਨ ਬਣਾਉਣ ਆਇਐਂ, ਕੱਪੜੇ ਪਹਿਨਣ ਆਇਐਂ, ਬੱਚੇ ਪਾਲਣ ਆਇਐਂ, ਇਹਦਾ ਕੀ ਮਤਲਬ ਹੈ ਤੈਨੂੰ ਕੀ ਦੇਣਗੇ। ਜਦੋਂ ਤੂੰ ਸੰਸਾਰ ਤੋਂ ਚਲੇ ਜਾਣੈ, ਆਹ ਮੜੀਆਂ ਤੋਂ ਅਗਾਂਹਾਂ ਨਹੀਂ ਇਨ੍ਹਾਂ ਨੇ ਜਾਣਾ। ਪੈਸਾ ਬੈਂਕ 'ਚ ਰਹਿ ਜਾਣੈ। ਅਗਾਂਹਾਂ ਤੇਰੀ ਮਦਦ ਕੌਣ ਕਰੇਗਾ। ਉਥੇ ਤਾਂ ਇਕੱਲਾ ਤੂੰ ਤੁਰਿਆ ਜਾਣੈ। ਹਨ੍ਹੇਰ ਗੁਬਾਰ ਹੈਗਾ, ਕੋਈ ਮਦਦ ਨੂੰ ਬਣਾਇਆ ਹੈ ਤੂੰ ਆਪਣਾ। ਜੇ ਤਾਂ ਨਾਮ ਦਾ ਤੋਸਾ ਤੇਰੇ ਕੋਲ ਹੈ ਤਾਂ ਤਾਂ ਉਹ ਸਹਾਇਤਾ ਕਰਦਾ ਜਾਊ ਤੇਰੀ। ਜੇ ਹੈ ਨਹੀਂ ਤਾਂ ਦਸ ਤੇਰੇ ਜਿਉਣ ਦਾ ਕੀ ਫਾਇਦਾ। ਚਾਰ ਦਿਨ ਦਾ ਚਮਤਕਾਰਾ ਹੈ, ਇਥੇ ਹੀ ਉਦਾਸੀ (frustration) ਆ ਜਾਣੀ ਹੈ। ਹਾਰਟ problem ਹੋ ਗਈ, ਬਲੱਡ ਪਰੈਸ਼ਰ ਹੋ ਗਿਆ। ਡਾ. ਦਵਾਈਆਂ ਦੇਈ ਜਾਂਦੇ ਨੇ। ਡਾਕਟਰਾਂ ਨੂੰ ਪਤਾ ਹੀ ਨਹੀਂ ਕਿ ਇਹਦੇ ਮਨ ਦਾ ਇਲਾਜ ਕਰੀਏ। ਮਨ ਦਾ ਇਲਾਜ ਕਰ ਲਓ। ਸਾਰੀਆਂ ਬਿਮਾਰੀਆਂ ਹਟ ਜਾਂਦੀਆਂ ਨੇ।

'ਚਲਦਾ.....।'

(ਵੀਡੀਓ ਫਿਲਮ ਦੀਵਾਨ ਨੰ: 118 ਦੀ ਬਾਕੀ)

ਚਿਤ ਨਾ ਭਯੋ ਹਮਰੋ ਆਵਨ ਕਹ

ਸੰਤ ਵਰਿਆਮ ਸਿੰਘ ਜੀ,
ਬਾਨੀ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-35)

ਸੋ ਜੇ ਪੀਰ ਤੇ ਉਹ ਦੋਵੇਂ ਭਰਾ ਚਾਹੁੰਦੇ ਤਾਂ ਲੱਖਾਂ ਰੁਪਏ ਲੈ ਲੈਣੇ ਸੀ ਉਨ੍ਹਾਂ ਨੇ। ਫੇਰ ਉਹ ਮਿੱਤਰ ਹੋਏ ਕਿ ਦੁਸ਼ਮਣ ਹੋਏ। ਅੱਗੇ ਜਾ ਕੇ ਮਹਾਰਾਜ ਰਾਏ ਕੱਲੇ ਦੇ ਕੋਲ ਪਹੁੰਚ ਜਾਂਦੇ ਨੇ। ਰਾਏ ਕੱਲੇ ਕੋਲ ਮਹਾਰਾਜ ਤਿੰਨ ਮਹੀਨੇ ਰਹੇ। ਨਵਾਬ ਸਰਹੰਦ ਨੂੰ ਪਤਾ ਲਗਦਾ ਹੈ ਕਿ ਰਾਏ ਕੱਲੇ ਦੇ ਕੋਲ ਉਹਦਾ ਰਾਜ ਸੀਗਾ, ਮਲੇਰ ਕੋਟਲੇ ਦੇ ਬਰਾਬਰ-ਬਰਾਬਰ ਆਹ ਮਨਸੂਰਾਂ ਜੋਧਾਂ ਸਭ ਉਹਦੇ ਰਾਜ ਵਿੱਚ ਸੀ, ਲੁਧਿਆਣੇ ਤੱਕ ਰਾਜ ਸੀਗਾ ਉਹਦਾ ਤਾਂ ਉਹਨੂੰ ਸੰਦੇਸ਼ਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ ਨੇ। ਤੂੰ ਗ੍ਰਿਫਤਾਰ ਕਰਕੇ ਮੇਰੇ ਕੋਲ ਭੇਜ ਦੇ ਔਰੰਗਜ਼ੇਬ ਤੋਂ ਬਹੁਤ ਵੱਡਾ ਇਨਾਮ ਪ੍ਰਾਪਤ ਕਰਾਂਗੇ। ਤੈਨੂੰ ਹੋਰ ਵੱਡੀ ਮਨਸੁਖਦਾਰੀ ਦਿੱਤੀ ਜਾਵੇਗੀ, ਪ੍ਰਵਾਨ ਹੋਏਂਗਾ, ਉਹਨੇ ਜਵਾਬ ਕੀ ਦਿੱਤਾ ਉਹ ਕਹਿੰਦਾ ਨਵਾਬ ਸਾਹਿਬ! ਮੈਂ ਰੱਬ ਵਾਲਾ ਬੰਦਾ ਹਾਂ, ਮੈਂ ਕਾਫਰ ਨਹੀਂ ਹਾਂ, ਮੇਰਾ ਅਕੀਦਾ ਜੋ ਹੈ ਇਹ ਗੁਰੂ ਗੋਬਿੰਦ ਸਿੰਘ ਦੇ ਉਤੇ ਪੀਰਾਂ ਵਾਲਾ ਅਕੀਦਾ ਹੈ ਤੇ ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਆਖਰੀ ਦਮ ਤਕ ਕੱਟ ਮਰਦੇ ਨੇ ਜਦੋਂ ਤੱਕ ਮੇਰੀ ਸਟੇਟ ਦਾ ਇੱਕ ਵੀ ਬੰਦਾ ਬਚਦਾ ਹੈ ਓਨੀਂ ਦੇਰ ਤੱਕ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਹੱਥ ਨਹੀਂ ਲਾ ਸਕਦੇ। ਅੱਜ ਕੋਈ ਹੈ ਸੰਸਾਰ ਦੇ ਅੰਦਰ ਜਿਹੜਾ ਕਿਸੇ ਨੂੰ ਪਨਾਹ ਦੇਵੇ ਰਾਜਾ। ਕੋਈ ਸਟੇਟ ਹੈ ਜਿਹੜੀ ਕਿਸੇ ਨੂੰ ਪਨਾਹ ਦੇ ਦੇਵੇ, ਕਹਿ ਦੇਵੇ ਕਿ ਅਸੀਂ ਮਰਦੇ ਦਮ ਤੱਕ ਨਹੀਂ ਦੇ ਸਕਦੇ ਤੁਹਾਨੂੰ। ਫੇਰ ਉਨ੍ਹਾਂ ਨੂੰ ਮਿੱਤਰ ਕਹਿਣਾ ਹੈ ਕਿ ਕੀ ਕਹਿਣਾ ਹੈ। ਇਹ ਗਲਤ ਗੱਲਾਂ ਨੇ।

ਸੋ ਭੀਖਣਸ਼ਾਹ ਨੇ ਕੁੱਜੀਆਂ ਲਿਆ ਕੇ ਦੇਖਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਕੀਹਦੇ ਨੇ ਹਿੰਦੂਆਂ ਦੇ ਨੇ ਕਿ ਮੁਸਲਮਾਨਾਂ ਦੇ ਨੇ? ਮਹਾਰਾਜ ਨੇ ਦੱਸਿਆ ਕਿ ਅਸੀਂ ਦੋਹਾਂ ਦੇ ਹਾਂ। ਸੋ ਐਸੇ ਕੌਤਕ ਨੇ ਸਾਧਸੰਗਤ ਜੀ, ਪੜ੍ਹੋ ਪਿਆਰ ਨਾਲ -

ਧਾਰਨਾ - ਸੁਣ ਲਓ ਪਿਆਰਿਓ ਕਥਾ ਦਸਵੇਂ ਗੁਰਾਂ ਦੀ।

ਸੋ ਇਸ ਤਰ੍ਹਾਂ ਆਪ ਬਚਪਨ ਤੋਂ ਹੀ ਬਹੁਤ ਹੀ ਪਿਆਰੇ, ਬਹੁਤ ਸੁੰਦਰ, ਜੋ ਦੇਖਦਾ ਸੀ ਮੋਹਿਆ ਜਾਂਦਾ ਸੀ, ਮਾਤਾ ਜੀ ਜਿੱਥੇ ਰਹਿੰਦੇ ਸੀ ਉਥੇ ਖੂਹ ਸੀਗਾ, ਉਸ ਮੁਹੱਲੇ ਤੋਂ ਦੂਰ-ਦੂਰ ਤੋਂ ਸੋਹਣਾ ਪਾਣੀ ਹੋਣ ਕਰਕੇ, ਉਥੇ ਭਰਨ ਵਾਸਤੇ ਆਉਂਦੇ ਸੀ ਤੇ ਨਾਲ ਇਹ ਹੁੰਦਾ ਕਿ ਅਸੀਂ ਬਾਲਾ ਗੋਬਿੰਦ ਰਾਏ ਦੇ ਦਰਸ਼ਨ ਵੀ ਕਰ ਲਵਾਂਗੇ, ਖਿੱਚ ਪੈਂਦੀ ਸੀ ਹਰੇਕ ਨੂੰ। ਜ਼ਰੂਰ ਦਰਸ਼ਨ ਕਰਨੇ ਚਾਹੁੰਦੇ ਸੀ ਲੇਕਿਨ ਮਹਾਰਾਜ ਜੀ ਨੇ ਐਸਾ ਕੌਤਕ ਰਚਿਆ ਕਿ ਗੁਲੇਲੇ ਲੈ ਕੇ ਜਦੋਂ ਘੜਾ ਭਰ ਕੇ ਸਿਰ 'ਤੇ ਰੱਖਣਾ ਗੁਲੇਲਾ ਮਾਰਨਾ ਤੇ ਘੜਾ ਭੰਨ ਦੇਣਾ। ਉਹ ਘੜੇ ਨਹੀਂ ਸੀ ਭੰਨਦੇ, ਉਹ ਪਾਪਾਂ ਦੇ ਘੜੇ ਭੰਨਦੇ ਸੀ। ਜਿਹਦੇ ਘੜੇ 'ਚ ਗੁਲੇਲਾ ਲਗਦਾ ਸੀ ਉਹਦੇ ਸਾਰੇ ਪਾਪ ਖੰਡਤ ਕਰ ਦਿੰਦੇ ਸੀ। ਦੁਨੀਆਂ ਨੂੰ ਸਮਝ ਨਹੀਂ ਪਈ ਕਿ ਗੁਰੂ ਦਸਵੇਂ ਪਾਤਸ਼ਾਹ ਗੁਲੇਲੇ ਕਿਉਂ ਮਾਰਦੇ ਸੀ। ਕਿੰਨਿਆਂ ਦਾ ਉਧਾਰ ਕਰਦੇ ਸੀ। ਉਸ ਤੋਂ ਬਾਅਦ ਮਾਤਾ ਜੀ ਨੇ ਗਾਗਰਾਂ ਦੇ ਦਿੱਤੀਆਂ। ਮਹਾਰਾਜ ਨੇ ਤੀਰ ਬਣਾ ਲਏ ਗਾਗਰਾਂ ਦੇ ਵਿੱਚ ਮਾਰਨੇ ਸ਼ੁਰੂ ਕਰ ਦਿੱਤੇ। ਜਦੋਂ ਕਈਆਂ ਨੇ ਕਿਹਾ ਕਿ ਅਸੀਂ ਹੁਣ ਪਾਣੀ ਕਿੱਥੋਂ ਲਈਏ। ਕਹਿੰਦੇ ਖੂਹ ਹੀ ਖਾਰਾ ਹੋ ਜਾਏ, ਖਾਰਾ ਹੋ ਗਿਆ ਉਸੇ ਵੇਲੇ ਖੂਹ।

ਸੋ ਉਥੇ ਇੱਕ ਬਹੁਤ ਵਿਦਵਾਨ ਜਿਸਦਾ ਨਾਉਂ ਸ਼ਿਵਦੱਤ ਸੀ। ਉਹ ਸੱਚੀਮੁੱਚੀਂ ਦੀ ਭਗਤੀ ਕਰਦਾ ਹੁੰਦਾ ਸੀ ਤੇ ਰਾਮਚੰਦਰ ਜੀ ਦੇ ਉਤੇ ਉਸਦੀ ਨੇਸ਼ਟਾ ਸੀ ਤੇ ਬਹੁਤ ਬੈਰਾਗ ਕਰਦਾ ਸੀ। ਬੈਰਾਗ ਦੇ ਅੰਦਰ ਨੇਤਰਾਂ 'ਚੋਂ ਜਲ ਜਾਈ ਜਾਂਦਾ ਤੇ ਗੰਗਾ ਦੇ ਕਿਨਾਰੇ ਬੈਠ ਕੇ ਉਹਨੇ ਭਗਤੀ ਕਰਨੀ। ਹਰ ਵਕਤ ਰੋਂਦਾ ਰਹਿੰਦਾ ਸੀ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਦੇ। ਜੋ ਬੈਰਾਗੀਆਂ ਦੀ ਦਸ਼ਾ ਹੁੰਦੀ ਹੈ ਉਹ ਦਸ਼ਾ ਉਹਦੇ ਉਤੇ ਵਾਪਰਿਆ ਕਰਦੀ ਸੀ। ਅੱਜ ਉਹਦੀ ਅਰਦਾਸ ਦਰਗਾਹ 'ਚ ਕਬੂਲ ਹੋਈ।

ਬਾਲਾ ਗੋਬਿੰਦਰਾਇ ਜੀ ਬੱਚਿਆਂ ਨੂੰ ਲੈ ਕੇ ਉਥੇ ਚਲੇ ਗਏ ਜਿੱਥੇ ਉਹ ਬੈਠਾ ਭਗਤੀ ਕਰਦਾ ਸੀ। ਉਹਦੇ ਕੰਨ 'ਚ ਜਾ ਕੇ, ਬਹੁਤੀ ਵੱਡੀ ਉਮਰ ਨਹੀਂ ਸੀ ਆਪ ਦੀ, ਛੋਟੀ ਜਿਹੀ ਉਮਰ ਸੀ ਪੰਜ

ਕੁ ਸਾਲ ਦੀ, ਕੋਲ ਚਲੇ ਗਏ ਜਾ ਕੇ ਕਹਿਣ ਲੱਗੇ, ਪੰਡਤ ਜੀ! ਝਾਤ।

ਉਹਨੇ ਜਦੋਂ ਨੇਤਰ ਖੋਲ੍ਹੇ ਤਾਂ ਉਸ ਵੇਲੇ ਨੂੰ ਅੱਖਾਂ ਤੋਂ ਉਹਲੇ ਹੋ ਚੁੱਕੇ ਸੀ। ਆਵਾਜ਼ ਆਈ ਜਾਂਦੀ ਹੈ ਝਾਤ ਦੀ, ਫੇਰ ਬੈਰਾਗ ਕਰਿਆ ਕਿ ਹੇ ਪ੍ਰਭੂ! ਦਰਸ਼ਨ ਤਾਂ ਦਿੱਤਾ ਪਰ ਮੈਂ ਦੇਖ ਨਹੀਂ ਸਕਿਆ। ਫੇਰ ਆਵਾਜ਼ ਆਈ ਕਿ ਪੰਡਤ ਜੀ! ਦੇਖੋ, ਕੀ ਦੇਖਦਾ ਹੈ ਸਾਮ੍ਹਣੇ ਸ੍ਰੀ ਰਾਮ ਚੰਦਰ ਜੀ ਧਨੁਸ਼ ਬਾਣ ਲਈਂ ਖੜ੍ਹੇ ਨੇ। ਨਮਸ਼ਕਾਰਾਂ ਕਰਦਾ ਹੈ, ਜਦੋਂ ਮੱਥਾ ਟੇਕਦਾ ਹੈ, ਸੀਸ ਚੁੱਕਦਾ ਹੈ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੁੰਦੇ ਨੇ। ਬਾਲਕ ਨੇ ਪੰਜ ਸਾਲ ਦੀ ਉਮਰ ਦੇ। ਜਦੋਂ ਫੇਰ ਹੱਥ ਬੰਨ੍ਹ ਕੇ ਦੇਖਦਾ ਹੈ ਸ੍ਰੀ ਰਾਮਚੰਦਰ ਜੀ ਦੇ ਦਰਸ਼ਨ ਹੁੰਦੇ ਨੇ। ਹੈਰਾਨ ਹੋ ਗਿਆ, ਮਹਾਰਾਜ ਮੁਸਕਰਾ ਰਹੇ ਨੇ। ਉਸਨੂੰ ਪੱਕਾ ਨੇਸ਼ਟਾ ਹੋ ਗਿਆ ਕਿ ਮੇਰਾ ਇਹ ਇਸ਼ਟ ਆ ਗਿਆ ਉਸਨੇ ਤਾਂ ਮੰਨ ਲਿਆ ਫਤਹਿ ਹੋ ਗਈ। ਪਿਆਰ ਫਤਹਿ ਕਹਿੰਦੇ ਨੇ ਇਹਨੂੰ।

ਉਸੇ ਸ਼ਹਿਰ ਦੇ ਅੰਦਰ ਇੱਕ ਰਾਜਾ, ਫਤਹਿਚੰਦ ਜਿਸਦਾ ਨਾਉਂ ਸੀ ਬੇਔਲਾਦ ਸੀ, ਬਹੁਤ ਪੈਸੇ ਵਾਲਾ ਸੀ ਤੇ ਉਹਦੀ ਰਾਣੀ ਨੂੰ ਹਰ ਵਕਤ ਚਿੰਤਾ ਰਹਿੰਦੀ ਸੀ ਕਿ ਬਹੁਤ ਧੰਨ ਹੈ, ਲੇਕਿਨ ਔਲਾਦ ਨਹੀਂ ਹੋਈ ਹੈ। ਫਤਹਿਚੰਦ ਮੈਣੀ ਸੀ, ਮੈਣੀ ਗੋਤ ਤੇ ਉਹਨੂੰ ਰਾਣੀ ਮੈਣੀ ਕਹਿੰਦੇ ਸੀ। ਇਹ ਜਦੋਂ ਸ਼ਿਵਦੱਤ ਦੇ ਪਾਸ ਗਈ ਕਿ ਪੰਡਤ ਜੀ! ਤੁਸੀਂ ਰੱਬ ਨੂੰ ਮਿਲੇ ਹੋਏ ਓਂ, ਸਾਰੇ ਕਹਿੰਦੇ ਨੇ ਕਿ ਪੰਡਤ ਜੀ ਨੂੰ ਰੱਬ ਮਿਲ ਗਿਆ। ਤੁਹਾਡੇ ਉਤੇ ਅੱਜਕੱਲ ਖਾਸ ਨੂਰ ਚੜ੍ਹ ਗਿਆ, ਹਰ ਵਕਤ ਤੁਸੀਂ ਖੁਸ਼ ਰਹਿੰਦੇ ਓਂ, ਤੁਹਾਡੇ ਬਚਨਾਂ 'ਚ ਮਿਠਾਸ ਆ ਗਈ, ਤੁਹਾਡੇ ਨੇਤਰਾਂ 'ਚ ਖਿੱਚ ਹੈ ਤੇ ਤੁਸੀਂ ਮੇਰੇ ਉਤੇ ਕ੍ਰਿਪਾ ਕਰੋ। ਮੇਰੀ ਝੋਲੀ ਦੇ ਵਿੱਚ ਪੁੱਤਰ ਦੀ ਦਾਤ ਪਾਓ। ਕਹਿਣ ਲੱਗੇ ਕਿ ਰਾਣੀ ਸਾਹਿਬ! ਦਾਤਾਂ ਦੇਣ ਵਾਲਾ ਤਾਂ ਇੱਥੇ ਤੁਹਾਡੇ ਕੋਲ ਹੀ ਰਹਿੰਦਾ ਹੈ। ਤੁਸੀਂ ਓਹਦੀ ਆਰਾਧਨਾ ਕਰੋ, ਉਹਨੇ ਆਪ ਹੀ ਦਾਤ ਦੇਣ ਵਾਸਤੇ ਆ ਜਾਣਾ ਹੈ ਕਿਉਂਕਿ ਮੈਂ ਜਦੋਂ ਤੋਂ ਬਾਣੀ ਦੀ ਵਿਚਾਰ ਸ਼ੁਰੂ ਕੀਤੀ ਹੈ ਜਦੋਂ ਤੋਂ ਮੈਨੂੰ ਮਿਲਿਆ ਹੈ ਭਗਵਾਨ, ਉਸੇ ਵੇਲੇ ਤੋਂ ਮੈਂ ਤੱਤ ਬਾਣੀ ਦੀ ਵਿਚਾਰ ਸ਼ੁਰੂ ਕਰ ਦਿੱਤੀ ਤੇ ਓਸ ਬਾਣੀ ਦੇ ਵਿਚੋਂ ਮੈਂ ਏਸ ਤਰ੍ਹਾਂ ਦੇ ਨਾਲ ਗੱਲ ਨੂੰ ਸਮਝਣ ਦਾ ਯਤਨ ਕੀਤਾ ਹੈ–

ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,
ਸੇਵਾ ਕਰ ਲੈ ਸਾਧੂਆਂ ਦੀ।

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ *ਅੰਗ – ੨੬੬*

ਕਹਿਣ ਲੱਗੇ, ਰਾਣੀ ਸਾਹਿਬ! ਮੈਂ ਗੁਰਬਾਣੀ ਦੀ ਵਿਚਾਰ ਕਰੀ ਹੈ ਕਿ ਜੇ ਚਾਰ ਪਦਾਰਥ ਲੈਣੇ ਹਨ ਧਰਮ, ਅਰਥ, ਕਾਮ, ਮੋਕਸ਼। ਇਹਦੇ 'ਚ ਸਾਰੀ ਦੁਨੀਆਂ ਦੇ ਪਦਾਰਥ ਤੇ ਰੂਹਾਨੀ ਪਦਾਰਥ ਆ ਜਾਂਦੇ ਨੇ। ਇਹ ਸਾਰੇ ਹੀ ਜੇ ਸਾਧੂਆਂ ਦੀ ਸੇਵਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰ ਲਓ ਤੇ ਉਨ੍ਹਾਂ ਦੇ ਮੁੱਖ 'ਚੋਂ ਨਿਕਲ ਜਾਵੇ ਤਾਂ ਵੱਡੀ ਤੋਂ ਵੱਡੀ ਦਾਤ ਮਿਲ ਜਾਂਦੀ ਹੈ। ਐਸ ਤਰ੍ਹਾਂ ਨਹੀਂ ਹੁੰਦਾ ਕਿ ਜੇ ਬਚਨ ਦੇ ਦਿਓ ਜੀ, ਹੱਟੀ ਤਾਂ ਨਹੀਂ ਹੈ ਇਹ ਕਿ ਸਾਡਾ ਆਹ ਹੋ ਜਾਏ, ਆਹ ਹੋ ਜਾਏ ਜੀ। ਐਸ ਤਰ੍ਹਾਂ ਨਹੀਂ ਹੋਇਆ ਕਰਦਾ, ਸੇਵਾ ਕਰਨੀ ਪੈਂਦੀ ਹੈ, ਰਿਝਾਉਣਾ ਪੈਂਦਾ ਹੈ, ਜਦੋਂ ਗੁਰੂ ਰੀਝਦਾ ਹੈ, ਉਸ ਵੇਲੇ ਮਿਲਦਾ ਹੈ। ਗੁਰੂ ਕਦੋਂ ਰੀਝਦਾ ਹੈ ਜਦੋਂ ਉਹਦਾ ਸਿੱਖ ਰੀਝ ਜਾਂਦਾ ਹੈ। ਉਹਦਾ ਸਿੱਖ ਰੀਝ ਜਾਵੇ ਕਿਸੇ ਦੀ ਸੇਵਾ 'ਤੇ ਫੇਰ ਗੁਰੂ ਦਾ ਬਿਰਧ ਬਣ ਜਾਂਦਾ ਹੈ। ਉਹਦੇ ਬਚਨ ਦੀ ਲਾਜ ਰੱਖਣੀ। ਸੋ ਕਹਿਣ ਲੱਗੇ, ਬਾਲਾ ਗੋਬਿੰਦ ਰਾਇ! ਬਚਪਨ ਦੇ ਅੰਦਰ, ਸਾਥੀਆਂ ਦੇ ਨਾਲ ਖੇਲ੍ਹਦੇ ਰਹਿੰਦੇ ਨੇ। ਤੁਸੀਂ ਉਨ੍ਹਾਂ ਦੀ ਆਸ ਕਰੋ। ਲੰਗਰ ਤਿਆਰ ਕਰੋ, ਆਰਾਧਨਾ ਕਰੋ, ਉਹ ਆ ਜਾਣਗੇ ਫੇਰ ਉਨ੍ਹਾਂ ਤੋਂ ਮੰਗ ਲੈਣਾ। ਦਰਸ਼ਨ ਕਰਾ ਦਿੱਤੇ ਕਿ ਆਹ ਨੇ ਜਾਂਦੇ, ਖੇਲ੍ਹਦੇ ਦੇ ਦਰਸ਼ਨ ਕਰਾ ਦਿੱਤੇ ਮਹਾਰਾਜ ਨੇ। ਸਰੂਪ ਹਿਰਦੇ 'ਚ ਵਸ ਗਿਆ, ਸਮਾਧੀ ਲਾ ਕੇ ਬੈਠਦੀ ਹੈ ਨਾਲ ਇਹ ਹੈ ਕਿ ਹੇ ਬਾਲਾ ਪ੍ਰੀਤਮ! ਜੇ ਪੁੱਤਰ ਦੇਣਾ ਹੈ ਤਾਂ ਆਪਣੇ ਵਰਗਾ ਦੇਈਂ। ਤੇਰੇ ਵਰਗਾ ਹੋਵੇ ਇੰਨ ਬਿੰਨ, ਜਿਹੜਾ ਖਿੱਚਾਂ ਪਾਉਂਦਾ ਹੋਵੇ, ਜਿਹਦੇ ਨੇਤਰਾਂ 'ਚ ਰਸ ਹੋਵੇ। ਜਿਹਦੇ ਬੋਲ ਦੇ ਵਿੱਚ ਮੁਸਕਾਨ ਹੋਵੇ। ਜਿਹਦੇ ਅੰਗ-ਅੰਗ ਦੇ ਵਿੱਚ ਪਿਆਰ ਹੋਵੇ। ਅੱਜ ਬੈਠੀ ਹੈ ਅੰਮ੍ਰਿਤ ਵੇਲੇ ਦੋ ਵਜੇ ਤੋਂ ਬੈਠੀ ਹੈ, ਚੌਂਕੜਾ ਨਹੀਂ ਹਿਲਾ ਰਹੀ, ਦਿਨ ਚੜ੍ਹ ਗਿਆ। ਉਧਰ ਹੁਕਮ ਕਰ ਦਿੱਤਾ ਕਿ ਘੁੰਗਣੀਆਂ ਬਣਾਓ, ਜੇ ਉਹ ਆ ਗਏ ਤਾਂ ਪ੍ਰਸ਼ਾਦ ਕੀ ਦੇਵਾਂਗੇ। ਨਿਹਚਾ ਹੈ ਦ੍ਰਿੜ੍ਹ ਹਿਰਦੇ ਦੇ ਅੰਦਰ ਕਿ ਜ਼ਰੂਰ ਆਏਗਾ। ਕਿਉਂਕਿ ਪੰਡਤ ਸ਼ਿਵਦੱਤ ਗਲਤ ਬਾਤ ਨਹੀਂ ਕਹਿੰਦਾ। ਇਹ ਬਿਲਕੁਲ ਠੀਕ ਕਹਿੰਦੇ ਨੇ, ਸਮਾਂ ਨਿਕਲਦਾ ਤੁਰਿਆ ਜਾਂਦਾ ਹੈ, ਦਿਨ ਚੜ੍ਹ ਗਿਆ ਤੇ ਓਧਰ ਗੁਰੂ ਦਸ਼ਮੇਸ਼ ਪਿਤਾ ਬਾਲਾ ਪ੍ਰੀਤਮ ਬੱਚਿਆਂ

ਨੂੰ ਨਾਲ ਲੈ ਕੇ ਉਹਦੇ ਰਾਜ ਮਹੱਲ ਵੱਲ ਨੂੰ ਤੁਰ ਪਏ। ਪਹਿਰੇਦਾਰ ਖੜ੍ਹੇ ਨੇ, ਰੂਪ ਦੇਖਿਆ ਸਭ ਨੇ ਕੋਈ ਰੋਕ ਨਹੀਂ ਸਕਿਆ ਕਿ ਅਸੀਂ ਰੋਕ ਕੇ ਖਬਰ ਅੰਦਰ ਦੇਈਏ। ਹੈਰਾਨ ਹੋ ਗਏ ਸਰੂਪ ਦੇਖਦੇ ਸਾਰ, ਭੁੱਲ ਗਏ ਸਾਰੇ ਸਭ ਕੁਛ, ਆਪਣਾ ਆਪਾ ਭੁੱਲ ਗਏ। ਮਹਾਰਾਜ ਮਲਕੜੇ ਅੰਦਰ ਚਲੇ ਗਏ, ਪੌੜੀਆਂ ਚੜ੍ਹ ਗਏ। ਜਿਸ ਮਹੱਲ ਦੇ ਅੰਦਰ ਰਾਣੀ ਬੈਠੀ ਸੀ ਚੌਂਕੜਾ ਮਾਰੀਂ ਤੇ ਨੇਤਰ ਬੰਦ ਤੇ ਉਸ ਆਸਣ 'ਤੇ ਗੁਰੂ ਮਹਾਰਾਜ ਚੜ੍ਹੇ ਤੇ ਦੋਹੇਂ ਬਾਹਾਂ ਗਲ 'ਚ ਪਾ ਲਈਆਂ ਤੇ ਗੋਦੀ 'ਚ ਇੱਕ ਦਮ ਲਮਕ ਕੇ ਪੈ ਗਏ। ਮਾਂ.....ਮਾਂ। ਆਵਾਜ਼ ਦਿੱਤੀ। ਮਾਂ ਦਾ ਸ਼ਬਦ ਸੁਣਦੇ ਸਾਰ, ਉਹਦੇ ਸਾਰੇ ਸਰੀਰ ਦੇ ਵਿਚੋਂ ਝਰਨ੍ਹਾਟਾਂ ਨਿਕਲਣ ਲੱਗ ਗਈਆਂ। ਸੰਭਲਿਆ ਨਹੀਂ ਜਾਂਦਾ ਐਨਾ ਅਨੰਦ ਆ ਗਿਆ। ਹੈਰਾਨ ਹੋ ਗਈ ਕਿ ਮਾਂ.....? ਮੈਨੂੰ ਵੀ ਕੋਈ ਮਾਂ ਕਹਿਣ ਵਾਲਾ ਆ ਗਿਆ? ਮੇਰੀ ਗੋਦੀ ਦੇ ਵਿੱਚ ਵੀ ਕੋਈ ਪੈ ਕੇ ਕਹਿੰਦਾ ਹੈ ਮਾਂ? ਮੇਰੇ ਗਲ ਵਿੱਚ ਬਾਹਾਂ ਪਾ ਕੇ, ਮੇਰੇ ਸੀਨੇ ਵਿੱਚ ਠੰਢ ਪਾ ਕੇ ਕੋਈ ਕਹਿੰਦਾ ਹੈ ਮਾਂ?

ਸਾਧਸੰਗਤ ਜੀ! ਪੁੱਤਰ ਕਿੱਡੀ ਪਿਆਰੀ ਚੀਜ਼ ਹੈ ਪੁੱਤਰ। ਪੁੱਤਰ ਦੀ ਵਾਸ਼ਨਾ, ਪੁੱਤਰ ਦੀ ਲਾਲਸਾ, ਕਿਵੇਂ ਬੀਬੀਆਂ ਨੂੰ ਤੰਗ ਕਰ ਦਿੰਦੀ ਹੈ। ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਨੇ।

ਸੋ ਜਦੋਂ ਨੇਤਰ ਖੋਲ੍ਹੇ ਹੈਰਾਨ ਹੋ ਗਈ ਕਿ ਇਹ ਤਾਂ ਮੇਰੀ ਗੋਦੀ 'ਚ ਬੈਠੇ ਨੇ। ਕਹਿਣ ਲੱਗੇ ਕਿ ਮਾਂ! ਮੇਰੇ ਵਰਗਾ ਤਾਂ ਮੈਂ ਹੀ ਹਾਂ ਤੇ ਮੈਂ ਤੇਰਾ ਪੁੱਤਰ ਹਾਂ। ਮੇਰੇ ਸਾਥੀਆਂ ਨੂੰ ਭੁੱਖ ਲੱਗੀ ਹੋਈ ਹੈ ਛੇਤੀ ਲਿਆ ਕੇ ਦੇ ਕੁਛ ਖਾਣ ਨੂੰ। ਉਸੇ ਵੇਲੇ ਘੁੰਗਣੀਆਂ ਤਿਆਰ ਸੀ, ਛਕਾਈਆਂ ਆਪ ਨੇ। ਅੱਖਾਂ ਤੋਂ ਓਹਲੇ ਹੋਣ ਨੂੰ ਜੀਅ ਨਹੀਂ ਕਰਦਾ। ਦਿਲ ਨਹੀਂ ਕਰਦਾ ਕਿ ਮੇਰੀਆਂ ਅੱਖਾਂ ਤੋਂ ਓਹਲੇ ਹੋਣ। ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ ਤੇ ਤੇਰੇ ਬਾਗ ਵਿੱਚ ਖੇਲ੍ਹਿਆ ਕਰਾਂਗੇ ਤੇ ਮਾਤਾ! ਹੁਣ ਤੂੰ ਮੇਰੀ ਮਾਤਾ ਹੋ ਗਈ ਨਾ, ਮੈਂ ਤੇਰਾ ਪੁੱਤਰ ਹੋ ਗਿਆ। ਮੈਂ ਤੇ ਤੂੰ ਇੱਕੋ ਹੋ ਗਏ। ਜਿਹੜਾ ਪਟਨੇ ਸਾਹਿਬ ਦਾ ਤਖਤ ਬਣਿਆ ਹੋਇਆ ਹੈ, ਉਹਦੇ ਮਹਿਲਾਂ 'ਚ ਹੀ ਸੀ। ਸੋ ਸਮਾਂ ਪੈਂਦਾ ਗਿਆ ਹੌਲੀ-ਹੌਲੀ ਇੱਕ ਨਵਾਬ ਸੀ ਉਥੇ ਕਰੀਮ ਖਾਂ ਤੇ ਉਸ ਵੇਲੇ ਦਾ ਰਿਵਾਜ਼ ਇਹ ਸੀ ਕਿ ਜਦੋਂ ਕੋਈ ਆਫੀਸਰ ਆਉਂਦਾ ਨਵਾਬ ਆਉਂਦਾ ਤਾਂ ਸੱਤ ਸਲਾਮਾਂ ਝੁਕ ਕੇ ਕਰਨੀਆਂ ਪੈਂਦੀਆਂ ਸੀ। ਤਾਂ ਜਿਸ ਵਕਤ ਉਹ ਨਵਾਬ ਆਇਆ ਤਾਂ ਮਹਾਰਾਜ ਨੇ ਸਾਰਿਆਂ ਬੱਚਿਆਂ ਨੂੰ ਕਹਿ ਦਿੱਤਾ ਕਿ ਦੰਦੀਆਂ ਚੜ੍ਹਾਉਣੀਆਂ ਨੇ ਝੁਕਣਾ ਨਹੀਂ ਹੈਗਾ। ਉਸੇ ਤਰ੍ਹਾਂ ਕੀਤਾ, ਜਦੋਂ ਸਿਪਾਹੀ ਮਗਰ ਪਏ ਸਾਰੇ ਹੀ, ਕੋਈ ਇਧਰ ਜਾ ਵੜਿਆ ਕੋਈ ਓਧਰ ਜਾ ਵੜਿਆ। ਕੋਈ ਨਾ ਲੱਭਾ, ਇਹ ਖੜ੍ਹੇ ਰਹੇ। ਜਦੋਂ ਉਹਨੇ ਰੂਪ ਦੇਖਿਆ ਤੇ ਤੱਕਣੀ ਦੇਖੀ, ਦਿਲ ਦੇ ਅੰਦਰ ਹੀ ਖੁੱਭ ਗਏ। ਉਸੇ ਵੇਲੇ ਘੋੜੇ ਤੋਂ ਉਤਰਿਆਂ ਸਲਾਮ ਕਰੀ, ਸਿੱਜਦਾ ਕਰਿਆ ਕਹਿਣ ਲੱਗਿਆ, ਕੌਣ ਹੈ ਇਹ ਬਾਲਕ, ਜਿਸਨੇ ਮੈਨੂੰ ਵੀ ਘੋੜੇ ਤੋਂ ਉਤਾਰ ਕੇ ਆਪਣੇ ਚਰਨਾਂ 'ਤੇ ਪਾ ਲਿਆ, ਕਹਿਣ ਲੱਗੇ ਪੰਜਾਬ ਤੋਂ ਆਏ ਗੁਰੂ ਤੇਗ ਬਹਾਦਰ ਸਾਹਿਬ ਦੇ ਫਰਜ਼ੰਦ ਨੇ। ਸੋ ਉਸਨੇ ਬੇਨਤੀ ਕਰੀ ਕਿ ਹੇ ਸਾਹਿਬਜ਼ਾਦੇ! ਮੈਨੂੰ ਰੋਜ਼ ਦਰਸ਼ਨ ਦਿਆ ਕਰ। ਸੋ ਐਸੇ ਪਿਆਰ ਦੀਆਂ ਕਹਾਣੀਆਂ ਕਥਾਵਾਂ ਬੇਅੰਤ ਗਿਣਤੀ ਤੋਂ ਬਾਹਰ ਨੇ, ਲੇਕਿਨ ਸੁਨੇਹਾ ਆ ਗਿਆ ਮਹਾਰਾਜ ਨੂੰ ਕਿ ਵਾਪਸ ਪੰਜਾਬ ਆ ਜਾਓ। ਗੁਰੂ ਨੌਵੇਂ ਪਾਤਸ਼ਾਹ ਨੇ ਤਿਆਰੀਆਂ ਕਰ ਲਈਆਂ, ਪਤਾ ਸੀ ਕਿ ਹੁਣ ਅਸੀਂ ਸ਼ਹੀਦੀ ਦੇ ਦੇਣੀ ਹੈ ਉਸ ਵੇਲੇ ਆਪ ਨੇ ਇਨ੍ਹਾਂ ਨੂੰ ਵਾਪਸ ਬੁਲਾ ਲਿਆ। ਇਹ ਵਿਛੋੜਾ ਜਿਹਨੂੰ ਕਹਿੰਦੇ ਨੇ ਇਹ ਬਹੁਤ ਹੀ ਬੁਰਾ ਸੱਲ੍ਹ ਹੈ ਸਾਧਸੰਗਤ ਜੀ। ਖਾਸ ਕਰਕੇ ਮਹਾਂਪੁਰਸ਼ਾਂ ਦਾ ਵਿਛੋੜਾ, ਉਹ ਝੱਲਣਾ ਔਖਾ ਹੋ ਜਾਂਦਾ ਹੈ, ਝੱਲ ਨਹੀਂ ਹੁੰਦਾ। ਉਸ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

ਧਾਰਨਾ - ਝੱਲਿਆ ਨਾ ਜਾਵੇ, ਸਤਿਗੁਰ ਤੇਰਾ ਵਿਛੋੜਾ।

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥

ਅੰਗ - ੭੦੮

ਐਸੀ ਹਾਲਤ ਸ਼ਹਿਰ ਦੀ, ਸਾਰਿਆਂ ਦੇ ਅੰਦਰ ਬਿਰਹਾ ਆ ਗਿਆ। ਜਿਸ ਵਕਤ ਮਹਾਰਾਜ ਜੀ ਰਾਣੀ ਦੇ ਪਾਸ ਜਾਂਦੇ ਨੇ ਕਿ ਮਾਤਾ! ਹੁਕਮ ਆ ਗਿਆ ਸਾਨੂੰ ਅਸੀਂ ਜਾ ਰਹੇ ਹਾਂ। ਇਹ ਬਚਨ ਨਹੀਂ ਸੀਗਾ, ਉਹਨੂੰ ਐਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਬਹੁਤ ਅਣੀ ਵਾਲਾ ਬਾਣ ਮਾਰਿਆ ਹੋਵੇ, ਬੇਹੋਸ਼ ਹੋ ਕੇ ਗਿਰ ਗਈ ਉਸੇ ਵੇਲੇ। ਪੱਖੇ ਝੱਲੇ ਗਏ, ਜਲ ਮੂੰਹ ਵਿੱਚ ਪਾਇਆ ਗਿਆ। ਸਾਵਧਾਨ ਕਰਿਆ ਕਹਿਣ ਲੱਗੇ, ਮਾਤਾ! ਐਨਾ ਅਫਸੋਸ ਕਿਸ ਗੱਲ ਦਾ। ਐਡਾ ਦੁੱਖ?

ਕਹਿਣ ਲੱਗੀ, ਪੁੱਤਰ! ਮੈਂ ਰਹਿ ਨਹੀਂ ਸਕਦੀ ਤੇਰੇ ਬਿਨਾਂ। ਬੜੀ ਦੇਰ ਤੋਂ ਬਾਅਦ ਮੇਰੀ ਇੱਛਾ ਪੂਰੀ ਹੋਈ ਸੀ।

ਆਪ ਨੇ ਕਿਹਾ, ਕਿ ਅਸੀਂ ਜਾਂਦੇ ਹਾਂ ਕਿਤੇ? ਜਿਸ ਸਮੇਂ ਅਸੀਂ ਆਉਂਦੇ ਹਾਂ, ਸੰਗਤ ਕਰਿਆ ਕਰਿਓ। ਬਾਣੀ ਦੀ ਵਿਚਾਰ ਕਰਿਆ ਕਰੋ, ਮੇਰੇ ਸਾਥੀ ਜੋ ਨੇ ਇਹ ਆਉਣਗੇ ਜਦੋਂ ਤੁਸੀਂ ਘੁੰਗਣੀਆਂ ਦਾ ਪ੍ਰਸ਼ਾਦ ਇਨ੍ਹਾਂ ਨੂੰ ਵਰਤਾਵੋਂਗੇ ਤਾਂ ਤੁਸੀਂ ਦੇਖੋਂਗੇ ਮੈਂ ਵਿੱਚ ਬੈਠਾ ਹੋਵਾਂਗਾ।

ਨਵਾਬ ਕਰੀਮ ਖਾਂ ਨੂੰ ਪਤਾ ਲੱਗਿਆ। ਬਿਹਬਲ ਹੋ ਗਿਆ, ਰੋ ਰਿਹਾ ਹੈ ਉੱਚੀ-ਉੱਚੀ। ਸਾਹਿਬ! ਮੈਂ ਕਿਵੇਂ ਜੀਵਾਂਗਾ, ਮੇਰਾ ਤਾਂ ਅਮਲ ਤੁਸੀਂ ਬਣ ਚੁੱਕੇ?

ਕਹਿੰਦੇ, ਕਰੀਮ ਖਾਂ! ਸੱਚੇ ਦਿਲ ਦੇ ਨਾਲ ਨਮਾਜ਼ ਪੜ੍ਹੀਂ, ਜਦੋਂ ਤੂੰ ਸਿਜਦਾ ਕਰਕੇ ਦੋਵੇਂ ਹੱਥ ਜੋੜ ਕੇ ਮੰਗੇਂਗਾ ਪ੍ਰਭੂ ਤੋਂ ਤਾਂ ਮੈਂ ਸਾਮ੍ਹਣੇ ਤੇਰੇ ਖੜ੍ਹਾ ਹੋਇਆ ਕਰਾਂਗਾ। ਰੋਜ਼ ਤੈਨੂੰ ਦਰਸ਼ਨ ਹੋਇਆ ਕਰਨਗੇ। ਸੋ ਐਸ ਤਰ੍ਹਾਂ ਬਖਸ਼ਿਸ਼ਾਂ ਕਰਕੇ ਆਪ ਚਲਦੇ-ਚਲਦੇ ਪੰਜਾਬ ਵਲ ਨੂੰ ਆ ਰਹੇ ਨੇ ਤੇ ਅੱਜ ਆਪ ਲਖਨੌਰ ਆ ਜਾਂਦੇ ਨੇ ਤੇ ਉਥੇ ਵੀ ਕਈ ਮਹੀਨੇ ਆਪ ਨੂੰ ਠਹਿਰਣਾ ਪਿਆ ਤੇ ਖੁੱਦੋ-ਖੂੰਡੀ ਖੇਲ੍ਹ ਰਹੇ ਨੇ। ਹਾਕੀ ਖੇਲ੍ਹਦੇ ਨੇ ਅੱਜਕੱਲ੍ਹ ਦੀ ਅੰਗ੍ਰੇਜ਼ੀ ਦੀ ਜ਼ੁਬਾਨ 'ਚ। ਕਿੰਨੇ ਪਿਆਰੇ ਲਗਦੇ ਹੋਣੇ ਨੇ ਖੇਲ੍ਹਦੇ। ਉਹ ਪੀਰ ਭੀਖਣਸ਼ਾਹ ਫੇਰ ਆ ਗਿਆ। ਉਹਨੇ ਉਸੇ ਵੇਲੇ ਸਿਜਦਾ ਕਰਨਾ ਸ਼ੁਰੂ ਕਰ ਦਿੱਤਾ। ਸੱਤ ਸਲਾਮਾਂ ਕੀਤੀਆਂ, ਨਵੇਂ ਮੁਰੀਦ ਰਲੇ ਹੋਏ ਸੀ ਉਨ੍ਹਾਂ ਨੇ ਫੇਰ ਸ਼ੰਕਾ ਕੀਤਾ ਕਿ ਤੁਸੀਂ ਹਿੰਦੂ ਲੜਕੇ ਨੂੰ ਸਲਾਮਾਂ ਕਰੀਂ ਜਾਂਦੇ ਓਂ। ਕਹਿਣ ਲੱਗੇ ਇਹ ਤਾਂ ਅੱਲਾਹ ਦਾ ਨੂਰ ਨੇ ਇਨ੍ਹਾਂ ਦੇ ਦਰਸ਼ਨ ਵਾਸਤੇ ਮੈਂ ਉਥੇ ਪਟਨੇ ਪਹੁੰਚਿਆ ਸੀ। ਆਓ ਮੈਂ ਇੱਕ ਗੱਲ ਪੁੱਛਣੀ ਹੈ ਇਨ੍ਹਾਂ ਤੋਂ, ਉਸ ਵੇਲੇ ਬੱਚੇ ਸੀ, ਅੱਜ ਵੱਡੇ ਨੇ ਮੈਂ ਇੱਕ ਬਾਤ ਪੁੱਛਣੀ ਹੈ ਕਿ ਇਹ ਕਿਨ੍ਹਾਂ ਵੱਲ ਹੋਣਗੇ। ਉਸ ਵੇਲੇ ਦੋ ਮਠਿਆਈ ਦੇ ਬਰਤਨ ਮੰਗਾਏ ਗਏ, ਕੁੱਜੇ ਮੰਗਾਏ ਗਏ। ਦੋਹਾਂ ਦੇ ਮੂੰਹ ਢਕ ਦਿੱਤੇ ਤੇ ਮਹਾਰਾਜ ਜੀ ਦੇ ਅੱਗੇ ਲਿਜਾ ਕੇ ਰੱਖ ਦਿਤੇ। ਮਹਾਰਾਜ ਕਹਿੰਦੇ, ਦੋ ਕਿਉਂ ਲੈ ਕੇ ਆਏ ਓਂ, ਤਿੰਨ ਲੈ ਕੇ ਆਓ। ਇੱਕ ਹੋਰ ਮੰਗਾ ਲਿਆ, ਹੁਣ ਸੋਚਦੇ ਨੇ ਕਿ ਤੀਜਾ ਕੀਹਦਾ ਮੰਗਾ ਲਿਆ?

ਉਸ ਵੇਲੇ ਆਪ ਬੈਠੇ ਨੇ, ਕੋਈ ਸਵਾਲ ਨਹੀਂ ਹੋ ਰਿਹਾ, ਮਹਾਰਾਜ ਪੀਰ ਵੱਲ ਦੇਖਦੇ ਨੇ, ਮੁਸਕਰਾਏ। ਉਸ ਵੇਲੇ ਇੱਕ ਹੋਰ ਪੀਰ ਆ ਗਿਆ ਜਿਸਦਾ ਨਾਉਂ ਆਰਫਦੀਨ ਸੀ ਲਖਨੌਰ ਦਾ, ਬੜਾ ਹੀ ਕਰਾਮਾਤੀ ਤੇ ਅੰਤਰਜਾਮੀ ਫਕੀਰ ਸੀ, ਪਹੁੰਚਿਆ ਹੋਇਆ ਸੀ ਰੱਬ ਤੱਕ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਥਾਵਾਂ ਨੂੰ ਪ੍ਰਗਟ ਕਰਨ ਵਾਲੇ ਸਾਧਸੰਗਤ ਜੀ! ਧਿਆਨ ਰੱਖੋ ਮੁਸਲਮਾਨ ਪੀਰ ਨੇ ਜਿਨ੍ਹਾਂ ਨੇ ਸੱਚ ਬੋਲਿਆ। ਹਿੰਦੂ ਦਾ ਜ਼ਿਕਰ ਨਹੀਂ ਆਇਆ, ਜਾਂ ਤਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ, ਜਾਂ ਪਹੁੰਚ ਨਹੀਂ ਸੀ ਐਡੀ ਵੱਡੀ। ਉਨ੍ਹਾਂ ਦੀ ਪਹੁੰਚ ਵੱਡੀ ਸੀ, ਇਹ ਗੱਲ ਮੰਨਣੀ ਪੈਣੀ ਹੈ। ਐਵੇਂ ਨਹੀਂ ਅਸੀਂ ਕਹਿ ਦੇਈਏ ਕਿ ਸੂਫੀ ਪੀਰ ਸੀ। ਬਾਬਾ ਫਰੀਦ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨਾ ਆਉਂਦੇ ਜੇ ਉੱਚੇ ਨਾ ਹੁੰਦੇ।

ਸੋ ਉਹ ਜਦੋਂ ਪਾਲਕੀ 'ਚੋਂ ਉਤਰਿਆ, ਉਤਰ ਕੇ ਸਿਜਦਾ ਕੀਤਾ, ਉਹ ਕਹਿੰਦਾ, ਵਲੀ ਅੱਲਾਹ! ਸੁਬ੍ਹਾਨ ਅੱਲਾਹ! ਸੁਬ੍ਹਾਨ ਅੱਲਾਹ! ਕਹਿਣ ਲੱਗ ਗਿਆ ਤੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਤੁਸੀਂ ਤਾਂ ਸਭ ਤੋਂ ਵੱਡੇ ਓਂ? ਤੁਹਾਡੇ ਸਮਾਨ ਭਾਰਤ ਵਰਸ਼ ਵਿੱਚ ਪੀਰ ਨਹੀਂ ਹੈ? ਤੁਸੀਂ ਇਹ ਕੀ ਕੰਮ ਕਰਿਆ ਹੈ, ਇਸ ਬੱਚੇ ਨੂੰ ਸਲਾਮ ਕਰੀ ਹੈ ਤੇ ਨਾਲ ਤੁਸੀਂ ਸੁਬ੍ਹਾਨ ਅੱਲਾਹ! ਸੁਬ੍ਹਾਨ ਅੱਲਾਹ ਕਹਿ ਰਹੇ ਓਂ? ਕਹਿਣ ਲੱਗੇ, ਮੈਂ ਹੈਰਾਨ ਹਾਂ ਅੱਲਾਹ ਦੀ ਕੁਦਰਤ ਤੋਂ। ਜਦੋਂ ਮੈਂ ਮਰੱਕ੍ਰਬੇ 'ਚ ਜਾਂਦਾ ਹਾਂ, ਸਮਾਧੀ ਵਿੱਚ; ਤੇ ਉਥੇ ਅੱਲਾਹ ਦੇ ਦਰ 'ਤੇ ਪਹੁੰਚਦਾ ਹਾਂ ਤਾਂ ਉਥੇ ਮੈਂ ਕੀ ਦੇਖਦਾ ਹਾਂ ਕਿ ਉਥੇ ਬੇਅੰਤ ਪੀਰ ਪੈਗੰਬਰ, ਅਉਲੀਏ ਖੜ੍ਹੇ ਨੇ, ਅੱਲਾਹ ਦੇ ਦਰ ਦੇ ਬਾਹਰ ਖੜ੍ਹੇ ਨੇ।

ਜਿਤੁ ਦਰ ਲੱਖ ਮਹੁੰਮਦਾ, ਲੱਖ ਬ੍ਰਹਮੇ ਬਿਸ਼ਨ ਮਹੇਸ਼।

ਸਭ ਨੇ ਉਥੇ, ਲੇਕਿਨ ਕੋਈ ਖੁਦਾ ਦੇ ਕੋਲ ਨਹੀਂ ਪਹੁੰਚਦਾ। ਮੈਂ ਹੈਰਾਨ ਹਾਂ ਜਿੰਨੀਆਂ ਅਰਜ਼ੀਆਂ ਜਿੰਨੀਆਂ ਬੇਨਤੀਆਂ ਕਰਦੇ ਨੇ, ਸਾਰੀਆਂ ਅਰਜ਼ੀਆਂ ਇਸ ਬੱਚੇ ਦੇ ਹੱਥ ਵਿੱਚ ਹੁੰਦੀਆਂ ਨੇ ਇਹ ਅੱਲਾਹ ਤਾਲਾਹ ਦੇ ਕੋਲ ਅੰਦਰ ਜਾਂਦਾ ਹੈ -

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥ *ਅੰਗ - ੮*

ਤੇ ਉਧਰੋਂ ਸੁਨੇਹੇ ਲਿਆ ਕੇ ਦਿੰਦਾ ਹੈ ਤੇ ਅੱਜ ਮੈਨੂੰ ਇਸ ਦੇ ਇਸ ਰੂਪ ਵਿੱਚ ਦਰਸ਼ਨ ਹੋ ਗਏ, ਇਸ ਧਰਤੀ ਦੇ ਅੰਦਰ ਸੋ ਮੈਂ ਤਾਂ ਸਲਾਮਾਂ ਕਰੀਆਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ। ਅੱਜ ਆਪ ਖੇਲ੍ਹਦੇ-ਖੇਲ੍ਹਦੇ ਆਉਂਦੇ ਨੇ, ਨੌਂ ਸਾਲ ਦੀ ਆਪ ਦੀ ਉਮਰ ਹੋ ਗਈ। ਉਸ ਵੇਲੇ ਕੀ ਦੇਖਦੇ ਨੇ ਅੰਦਰ, ਬਹੁਤ ਸਾਰੇ ਬੰਦੇ ਬੈਠੇ ਨੇ, ਵੱਡੇ-ਵੱਡੇ ਤਿਲਕ ਲੱਗੇ ਹੋਏ ਨੇ, ਵਧੀਆ ਸੋਹਣੇ ਵਸਤਰ ਪਹਿਨੇ ਹੋਏ ਨੇ। ਦੇਖਣ ਤੋਂ ਪਤਾ ਲਗਦਾ ਹੈ ਕਿ ਕੋਈ ਵੱਡੇ ਵਿਦਵਾਨ ਪੁਰਸ਼ ਆਏ ਨੇ ਲੇਕਿਨ ਉਦਾਸੀ ਤੋਂ ਇਹ ਪਤਾ ਲਗਦਾ ਹੈ ਇਨ੍ਹਾਂ ਜਿੰਨਾਂ ਸ਼ਾਇਦ ਹੀ ਸੰਸਾਰ 'ਤੇ ਕੋਈ ਦੁਖੀ ਹੋਵੇ ਤੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ, ਆਪ ਨੇ ਸਾਰੀ ਅਰਜ਼ ਦਾਸਤਾਨ ਸੁਣੀ ਉਨ੍ਹਾਂ ਦੀ ਤੇ ਆਪ ਗੰਭੀਰ ਹੋਏ ਬੈਠੇ ਨੇ। ਉਸ ਵੇਲੇ ਅਚਾਨਕ ਖੇਲ੍ਹਦੇ-ਖੇਲ੍ਹਦੇ ਆ ਕੇ ਚੁੱਪ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਨੇ ਆ ਕੇ ਪਿਛਲੇ ਪਾਸੇ ਦੀ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਗਲ ਵਿੱਚ ਦੋਵੇਂ ਬਾਹਾਂ ਪਾ ਲਈਆਂ, ਜਦੋਂ ਸਾਵਧਾਨ ਹੋਏ ਦੇਖਿਆ, ਮਾਮੂਲੀ ਪੁੱਤਰ ਨਹੀਂ ਸੀ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ, ਜਦੋਂ ਦਸਵੇਂ ਪਾਤਸ਼ਾਹ ਮਹਾਰਾਜ ਨੇ ਜਨਮ ਲਿਆ ਉਸ ਵੇਲੇ ਆਤਮਦਾਸ ਵੱਡਾ ਸੰਤ ਗੁਰੂ ਮਹਾਰਾਜ ਕੋਲ ਆਸਾਮ ਵਿੱਚ ਸੀਗਾ, ਆਹ ਧੋਬੜੀ ਘਾਟ ਕੋਲ ਸੀਗਾ। ਉਥੇ ਜਦੋਂ ਖੁਸ਼ੀਆਂ ਮਨਾਈਆਂ ਗਈਆਂ ਉਹ ਕਹਿਣ ਲੱਗੇ, ਮਹਾਰਾਜ! ਅੱਜ ਤੁਸੀਂ ਐਨੀ ਖੁਸ਼ੀ ਮਨਾ ਰਹੇ ਓਂ ਰਾਜੇ ਖੁਸ਼ੀ ਮਨਾ ਰਹੇ ਹਨ, ਕਾਰਨ ਕੀ ਹੈ? ਉਹ ਕਹਿਣ ਲੱਗੇ ਸੰਤ ਜੀ! ਅੱਜ ਸਾਡੇ ਗ੍ਰਹਿ ਵਿੱਚ ਗੁਰੂ ਅਵਤਾਰ ਪ੍ਰਗਟ ਹੋਏ ਨੇ, ਧੁਰ ਤੋਂ ਨਿਵਾਜੇ ਹੋਏ ਉਨ੍ਹਾਂ ਨੂੰ ਕੋਈ ਤਪ ਕਰਨ ਦੀ ਲੋੜ ਨਹੀਂ ਪੈਣੀ, ਸਾਧਨ ਕਰਨ ਦੀ ਲੋੜ ਨਹੀਂ ਪੈਣੀ, ਧੁਰ ਤੋਂ ਹੀ ਪੂਰੇ ਆਏ ਨੇ ਤੇ ਜੇ ਮੈਂ ਐਸ ਤਰ੍ਹਾਂ ਕਹਿ ਦੇਵਾਂ ਕਿ ਅਕਾਲ ਪੁਰਖ ਆਪ ਹੀ manifest ਹੋ ਕੇ ਸਾਕਾਰ ਰੂਪ ਧਾਰ ਕੇ ਮਨੁੱਖ ਦੇ ਜਾਮੇ 'ਚ ਆਏ ਨੇ ਇਹ ਵੀ ਗੱਲ ਠੀਕ ਹੈ। ਉਸ ਵੇਲੇ ਉਹਨੇ ਬੇਨਤੀ ਕੀਤੀ ਕਿ ਫੇਰ ਪਾਤਸ਼ਾਹ ਮੈਨੂੰ ਦਰਸ਼ਨ ਕਰਨ ਦੀ ਆਗਿਆ ਦਿਓ। ਕਹਿੰਦੇ ਦਰਸ਼ਨ ਤੈਨੂੰ ਹੋਣਗੇ ਅੱਜ ਤੋਂ 43 ਸਾਲ ਬਾਅਦ, ਉਹ ਦੱਖਣ ਨੂੰ ਜਾਂਦੇ ਹੋਣਗੇ ਤੇ ਉਥੇ ਦਰਸ਼ਨ ਕਰੇਂਗਾ, ਬੁਰਹਾਨਪੁਰ ਦੇ ਅੰਦਰ ਨਾਲੇ ਸੇਵਾ ਕਰੇਂਗਾ। 43 ਸਾਲ ਬਾਅਦ ਦਰਸ਼ਨ ਹੋਏ ਉਸਨੂੰ। ਸੋ ਗੁਰੂ ਮਹਾਰਾਜ ਤਾਂ ਸਭ ਕੁਛ ਜਾਣਦੇ ਸੀ। ਸੋ ਉਸ ਵੇਲੇ ਆਪ ਨੇ ਕਿਹਾ ਪਿਤਾ ਜੀ! ਐਨੀ ਗੰਭੀਰ ਅਵਸਥਾ ਕਿਉਂ ਹੈ, ਇਹ ਲੋਕ ਕੌਣ ਨੇ। ਕਹਿਣ ਲੱਗੇ, ਗੋਬਿੰਦ ਰਾਏ ਇਹ ਬਹੁਤ ਦੁਖੀ ਨੇ, ਜ਼ਬਰਦਸਤੀ ਇਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਇਹ ਵਿਦਵਾਨ ਪੁਰਸ਼ ਨੇ ਤੇ ਇਹ ਆਪਣੇ ਧਰਮ ਦੀ ਰਾਖੀ ਵਾਸਤੇ ਆਏ ਨੇ, ਕਹਿੰਦਾ ਇਨ੍ਹਾਂ 'ਚ ਕੋਈ ਨਹੀਂ ਹੈ ਜਿਹੜਾ ਆਪਣੇ ਧਰਮ ਦੀ ਰਾਖੀ ਕਰ ਲਵੇ? ਭਾਰਤ ਵਰਸ਼ ਵਿੱਚ ਕੋਈ ਬੰਦਾ ਨਹੀਂ ਜਿਹੜਾ ਇਨ੍ਹਾਂ ਦੇ ਧਰਮ ਦੀ ਰਾਖੀ ਕਰ ਦੇਵੇ, ਸੈਂਕੜੇ ਰਾਜੇ ਨੇ ਵੱਡੇ-ਵੱਡੇ। ਵੱਡੇ-ਵੱਡੇ ਸਟੇਟਾਂ ਦੇ ਮਾਲਕ ਨੇ ਤੇ ਵੱਡੇ-ਵੱਡੇ ਇਨ੍ਹਾਂ ਦੇ ਸਾਧੂ ਨੇ। ਕੋਈ ਨਹੀਂ ਕਰ ਸਕਦਾ?

ਕਹਿੰਦੇ ਨਹੀਂ, ਸਭ ਪਾਸਿਓਂ ਹਾਰ ਕੇ ਆਏ ਨੇ।

ਫੇਰ ਕਹਿੰਦੇ, ਇਨ੍ਹਾਂ ਦੇ ਐਨੇ ਦੇਵਤੇ ਨੇ, ਮੰਦਰਾਂ ਦੇ ਵਿੱਚ ਟੱਲ੍ਹ ਵੱਜਦੇ ਨੇ, ਵੱਡੇ-ਵੱਡੇ ਮੰਦਰ ਬਣਾਏ ਹੋਏ ਨੇ ਤੇ ਉਨ੍ਹਾਂ ਨੂੰ ਭੋਗ ਲਵਾਉਂਦੇ ਨੇ, ਕਹਿੰਦੇ ਨੇ ਕਿ ਸਾਡੇ ਦੇਵਤੇ ਪ੍ਰਤੱਖ ਨੇ। ਉਨ੍ਹਾਂ ਦੇਵਤਿਆਂ ਦੀ ਆਰਾਧਨਾ ਕਰਕੇ ਆਪਣੀ ਰਾਖੀ ਨਹੀਂ ਕਰਾ ਸਕਦੇ, ਧਰਮ ਨਹੀਂ ਬਚਾ ਸਕਦੇ? ਕਹਿੰਦੇ, ਨਹੀਂ, ਕਿਸੇ ਦੇਵਤੇ ਨੇ ਰਾਖੀ ਨਹੀਂ ਕਰੀ ਸਗੋਂ ਦੇਵ ਮੰਦਰ ਤੋੜ-ਤੋੜ ਕੇ ਪੈਰਾਂ ਦੇ ਵਿੱਚ ਲਾ ਦਿੱਤੇ ਗਏ ਨੇ, ਨੀਹਾਂ ਵਿੱਚ ਚਿਣ ਦਿੱਤੇ ਗਏ ਗਏ, ਮੂਰਤੀਆਂ ਚਿਣ ਦਿੱਤੀਆਂ ਗਈਆਂ, ਕਿਸੇ ਦੇਵਤੇ ਨੇ ਟਸ ਤੋਂ ਮਸ ਨਹੀਂ ਕਰੀ।

ਕਹਿਣ ਲੱਗੇ, ਪਿਤਾ ਜੀ! ਫੇਰ ਤੁਸੀਂ ਕੀ ਸੋਚ ਰਹੇ ਓਂ?

ਕਹਿੰਦੇ, ਪੁੱਤਰ! ਐਸ ਵੇਲੇ ਕੋਈ ਪੂਰਨ ਸੰਤ ਹੋਵੇ, ਉਹ ਆਪਣੀ ਕੁਰਬਾਨੀ ਦੇਵੇ ਤਾਂ ਇਹ ਧਰਮ ਠਹਿਰ ਸਕਦਾ ਹੈ ਨਹੀਂ ਇਹ ਧਰਮ ਦਾ ਪਹਾੜ ਐਨੇ ਜ਼ੋਰ ਨਾਲ ਰੁੜਿਆ ਆ ਰਿਹਾ ਹੈ ਕਿ ਇੱਕ ਦਿਨ ਹਿੰਦ ਸਾਰਾ ਜਿਹੜਾ ਹੈ ਇਹ ਧਰਮ ਤੋਂ ਹੀਣ ਹੋ ਜਾਏਗਾ। ਕੋਈ ਨਹੀਂ ਰਹੇਗਾ। ਸੋ ਅਸੀਂ ਇਸ ਚੀਜ਼ ਦੀ ਵਿਚਾਰ ਕਰ ਰਹੇ ਹਾਂ। ਕਹਿੰਦੇ ਪਿਤਾ ਜੀ! ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ 'ਕੋਇ ਨ ਥੰਮੈ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ' ਕਹਿੰਦੇ ਸਾਧਾਂ ਦੀ ਅਣਹੋਂਦ ਹੋ ਗਈ ਸੀ, ਗੁਰੂ ਨਾਨਕ ਨੇ ਸਾਧ ਬਣਾਏ ਇਥੇ ਆ ਕੇ, ਸੰਤ ਬਣਾਏ ਤੇ ਤੁਸੀਂ ਗੁਰੂ ਨਾਨਕ ਆਪ ਹੋਂ, ਤੁਹਾਡੇ ਨਾਲੋਂ ਵੱਡਾ ਕੋਈ ਹੋਰ ਹੋ ਨਹੀਂ ਸਕਦਾ ਤੇ ਤੁਸੀਂ ਜਾਓ ਜਾ ਕੇ ਆਪਣਾ ਬਲੀਦਾਨ ਦਿਓ। ਐਨੇ ਜਦੋਂ ਬਚਨ ਸੁਣੇ, ਗੁਰੂ ਮਹਾਰਾਜ ਨੇ ਆਪ ਨੂੰ ਛਾਤੀ ਨਾਲ ਲਾ ਗਿਆ, ਘੁੱਟ ਕੇ ਪਿਆਰ ਕਰਿਆ, ਕਹਿਣ ਲੱਗੇ

ਠੀਕ ਹੈ ਤੇ ਤੁਸੀਂ ਅਜੇ ਬੱਚੇ ਓਂ? ਕਹਿਣ ਲੱਗੇ, ਪਿਤਾ ਜੀ! ਜਦੋਂ ਮੈਂ ਮਾਂ ਦੇ ਪੇਟ 'ਚ ਉਥੇ ਵੀ ਮੇਰੀ ਰਾਖੀ ਹੁੰਦੀ ਸੀ, ਜਦੋਂ ਮੈਂ ਬਾਹਰ ਆਇਆ ਤਾਂ ਮੇਰੇ ਦੰਦ ਨਹੀਂ ਸੀ ਆਏ ਤਾਂ ਦੁੱਧ ਉਸ ਵੇਲੇ ਪ੍ਰਮੇਸ਼ਰ ਨੇ ਪੈਦਾ ਕਰਿਆ ਤੇ ਹੁਣ ਜਦੋਂ ਮੈਂ ਨੌਂ ਸਾਲ ਦਾ ਹੋ ਗਿਆ, ਹੁਣ ਤਾਂ ਉਹ ਆਪ ਹੀ ਮੇਰੇ ਨਾਲ ਹੈ ਹੁਣ ਤੁਸੀਂ ਕਾਹਦਾ ਫਿਕਰ ਕਰਦੇ ਓਂ? ਸੋ ਪਿਤਾ ਨੂੰ ਸ਼ਹੀਦੀ ਵਾਸਤੇ ਹੱਸ ਕੇ ਭੇਜ ਦਿੱਤਾ। ਸ਼ਹੀਦੀ ਹੋ ਜਾਂਦੀ ਹੈ, ਉਸ ਤੋਂ ਬਾਅਦ ਗੁਰੂ ਮਹਾਰਾਜ ਗੱਦੀ 'ਤੇ ਬੈਠਦੇ ਨੇ, ਉਮਰ ਛੋਟੀ ਹੈ, ਮਸੰਦਾਂ ਦੀ ਪੂਜਾ ਖਾ-ਖਾ ਕੇ ਮੱਤ ਮਾਰੀ ਗਈ ਸੀ। ਜੇ ਤਾਂ ਪੂਜਾ ਖਾਣ ਵਾਲਾ ਪੁਰਸ਼ ਭਜਨ ਕਰੇ, ਬੰਦਗੀ ਕਰੇ, ਸੇਵਾ ਕਰੇ ਤਾਂ, ਤਾਂ ਬਚਿਆ ਕਰਦਾ ਹੈ, ਨਹੀਂ ਤਾਂ ਕਹਿੰਦੇ -

ਜਿਉ ਧਰਮਸਾਲਾ ਦੀ ਝਾਕੁ ਹੈ ਵਿਹੁ ਖੰਡੂ ਪਾਜੈ।

ਜਿਵੇਂ ਵਿਹੁ ਦੇ ਕੈਪਸੂਲ ਖਾਂਦਾ ਹੈ ਐਸ ਤਰ੍ਹਾਂ ਖਾਂਦਾ ਹੈ। ਉਹ ਹੁਣ ਖਾਣ ਲੱਗ ਗਏ ਸੀ। ਸੰਗਤਾਂ ਨੇ ਗੁਰੂ ਵਾਸਤੇ ਦੇਣਾ, ਰਾਹ ਵਾਸਤੇ ਆਪਣੇ ਰੱਖ ਲੈਣਾ। ਆਪਣੀ ਐਸ਼-ਇਸ਼ਰਤ ਵਧ ਗਈ। ਵੱਡੇ-ਵੱਡੇ ਰੇਸ਼ਮੀ ਕੱਪੜੇ, ਕੀਮਤੀ ਗਹਿਣੇ, ਹੀਰੇ ਜਵਾਹਰਾਤ ਪਹਿਨਣੇ ਸ਼ੁਰੂ ਕਰ ਦਿੱਤੇ, ਕਲਗੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ, ਵਿਸ਼ੇ ਵਿਕਾਰਾਂ 'ਚ ਪੈ ਗਏ, ਵੇਸ਼ਵਾਵਾਂ ਰੱਖਣੀਆਂ ਸ਼ੁਰੂ ਕਰ ਦਿਤੀਆਂ। ਪੂਰਨ ਤੌਰ ਦੇ ਉਤੇ ਨਿਹਚਾ ਡੋਲ ਗਿਆ ਤੇ ਜਿਹੜਾ ਧਰਮਸਾਲਾ ਦੀਆਂ ਰੋਟੀਆਂ ਕਰਿਆ ਕਰਦੀਆਂ ਨੇ-

ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।
ਹੱਡ ਗਾਲਨ ਮੱਤ ਮਾਰਨ ਭਜਨ ਕਰਨ ਨ ਦੇਨਿ।

ਉਹ ਪੂਰੀ ਤਰ੍ਹਾਂ ਮਸੰਦਾਂ ਦੇ ਉਤੇ ਅਸਰ ਛਾ ਗਿਆ। ਮਾਇਆ ਫੈਲ ਗਈ ਉਨ੍ਹਾਂ ਦੇ ਉਤੇ, ਉਨ੍ਹਾਂ ਦੇ ਮਨ 'ਚ ਇਹ ਨਿਹਚਾ ਹੋ ਗਿਆ ਕਿ ਗੁਰੂ ਬਨਾਉਣਾ ਤਾਂ ਸਾਡੇ ਹੱਥ ਹੈ। ਅਸੀਂ ਇਲਾਕੇ ਦੇ ਮਸੰਦ ਹਾਂ ਸਾਰੀ ਸੰਗਤ ਸਾਡੇ ਹੱਥ ਵਿੱਚ ਹੁੰਦੀ ਹੈ ਤੇ ਜਿਹਨੂੰ ਜੀਅ ਕਰੇ ਗੁਰੂ ਬਣਾ ਲਵਾਂਗੇ। ਗੁਰੂਆਂ 'ਚ ਕੋਈ ਖਾਸ ਗੱਲ ਹੁੰਦੀ ਹੈ? ਜੇ ਗੁਰੂਆਂ 'ਚ ਸ਼ਕਤੀ ਹੁੰਦੀ ਤਾਂ ਔਰੰਗਜ਼ੇਬ ਦੀ ਤਲਵਾਰ ਉਨ੍ਹਾਂ ਦਾ ਸੀਸ ਕਿਵੇਂ ਕੱਟ ਦਿੰਦੀ। ਐਹੋ ਜਿਹੀਆਂ ਤਰਕਾਂ ਆ ਗਈਆਂ ਸਨ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਸੀ-

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।

ਉਹ ਸਮਰੱਥ ਸੀ, ਇੱਕ ਬਚਨ ਕਰਕੇ ਹੀ ਸਭ ਕੁੱਛ ਕਰ ਦਿੰਦੇ ਲੇਕਿਨ ਉਹ ਨਾਟਕ ਚੇਟਕ ਸਤਿਪੁਰਸ਼ ਦਿਖਾਇਆ ਨਹੀਂ ਕਰਦੇ। ਨਿਹਚਾ ਨਹੀਂ ਸੀ ਆ ਰਿਹਾ ਉਨ੍ਹਾਂ ਨੂੰ ਗੁਰੂ ਮਹਾਰਾਜ 'ਤੇ, ਕਿੰਨੇ ਕੌਤਕ ਮਹਾਰਾਜ ਨੇ ਦਿਖਾਏ ਤੇ ਅੱਜ ਦੀਵਾਨ ਲੱਗਿਆ ਹੋਇਆ ਹੈ ਉਹਦੇ ਵਿੱਚ ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਕਰ ਰਹੇ। ਕੁਛ ਥੋੜ੍ਹੇ-ਥੋੜ੍ਹੇ ਹਾਸੇ ਦੇ ਵੀ ਬਚਨ ਚੱਲਣ ਲੱਗ ਗਏ, ਹਲਕਾ-ਹਲਕਾ ਉਪਦੇਸ਼ ਦੇਣ ਦੇ ਵਾਸਤੇ। ਸਤਿਪੁਰਸ਼ ਜਦੋਂ ਹਸਦੇ ਨੇ ਉਪਦੇਸ਼ ਦਿੰਦੇ ਨੇ।

ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨਾਲੇ ਹੱਸੀ ਜਾਂਦੇ ਸੀ, ਨਾਲੇ ਬੜੀ ਡੂੰਘੀ ਤੋਂ ਡੂੰਘੀ ਗੱਲ ਹੱਸ ਕੇ ਕਹਿ ਦੇਣੀ। ਸੋ ਐਸਾ ਮਾਹੌਲ ਦੇਖ ਕੇ ਉਥੇ ਇੱਕ ਮਦਾਰੀ ਆ ਗਿਆ ਰਿੱਛ ਵਾਲਾ, ਬੜਾ ਵੱਡਾ ਰਿੱਛ ਸੀ ਉਸ ਦੇ ਕੋਲ ਤੇ ਆ ਕੇ ਤਮਾਸ਼ਾ ਦਿਖਾਉਣ ਲੱਗ ਗਿਆ। ਤਮਾਸ਼ਾ ਦਿਖਾਉਂਦਾ ਹੈ ਉਸ ਵੇਲੇ ਗਿਆਰ੍ਹਾਂ ਸਾਲ ਦੀ ਉਮਰ ਸੀ ਆਪ ਦੀ। 1734 ਸੰਮਤ ਸੀ ਉਸ ਵੇਲੇ ਤੇ ਉਹ ਕੁਸ਼ਤੀਆਂ ਦਿਖਾ ਰਿਹਾ ਹੈ। ਕਦੇ ਥੱਲੇ ਆ ਜਾਂਦਾ ਹੈ ਮਦਾਰੀ, ਕਦੇ ਰਿੱਛ ਆ ਜਾਂਦਾ ਹੈ, ਬੜੀ ਦੇਰ ਕਰਦੇ ਦੋਵੇਂ ਗਰਮੀ-ਗਰਮੀ ਹੋ ਗਏ। ਉਹ ਵੀ ਪੂਰਾ ਤਾਣ ਲਾ ਰਿਹਾ ਸੀ, ਉਹ ਵੀ ਤਕੜਾ ਸੀ ਪੂਰਾ ਤਾਣ ਲਾ ਰਿਹਾ ਸੀ ਤੇ ਸਾਰੇ ਦੇਖ-ਦੇਖ ਕੇ ਹੱਸ ਰਹੇ ਨੇ ਉਹਨੂੰ। ਐਨੇ ਨੂੰ ਜਿਹੜਾ ਚੌਰ ਬਰਦਾਰ ਸੀ ਭਾਈ ਕੀਰਤੀਆ! ਉਹ ਵੀ ਹੱਸਦਾ ਹੈ। ਮਹਾਰਾਜ ਨੇ ਉਪਰ ਨੂੰ ਉਸ ਵੱਲ ਦੇਖਿਆ, ਕਹਿੰਦੇ ਭਾਈ ਕੀਰਤੀਆ! ਤੂੰ ਨਾ ਹੱਸ ਬਾਕੀਆਂ ਨੂੰ ਹੱਸ ਲੈਣ ਦੇ। ਕਹਿੰਦਾ, ਮਹਾਰਾਜ! ਮੈਂ ਕਿਉਂ ਨਾ ਹੱਸਾਂ? ਇਹ ਵੀ ਮੈਨੂੰ ਸਮਝਾ ਦਿਓ ਕੋਈ ਭੇਤ ਦੀ ਗੱਲ ਹੈ?

ਕਹਿੰਦੇ ਹਾਂ।

ਕਹਿਣ ਲੱਗੇ, ਤੇਰਾ ਬਾਪੂ ਹੈ ਇਹ?

ਕਹਿੰਦਾ, ਮੇਰਾ ਪਿਤਾ ਤਾਂ ਸੱਚੇ ਪਾਤਸ਼ਾਹ! ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਸੇਵਾ ਕਰਦਾ ਸੀ ਤੇ ਜੇ ਮੇਰਾ ਪਿਤਾ ਚੌਰ ਬਰਦਾਰ ਹੋ ਕੇ ਰਿੱਛ ਬਣਦਾ ਹੈ ਤਾਂ ਮੈਂ ਫੇਰ ਤੁਹਾਡੀ ਸੇਵਾ ਕਰਕੇ ਬਾਂਦਰ ਬਣ ਜਾਉਂਗਾ। ਫੇਰ ਗੁਰੂਆਂ ਦੀ ਸੇਵਾ ਕਰਨ ਦਾ ਕੀ ਫਲ ਹੋਇਆ? ਮਹਾਰਾਜ ਕਹਿੰਦੇ, ਭਾਈ ਕੀਰਤੀਆਂ! ਗੁਰੂ ਨਾਨਕ ਸਾਹਿਬ ਨੇ ਤਾਂ ਸਾਰਾ ਕੁਛ ਖੋਲ੍ਹ ਕੇ ਦੱਸਿਆ ਹੋਇਆ ਹੈ ਕਿ ਜੇ ਸੇਵਾ, ਸੇਵਾ ਦੇ ਤੌਰ 'ਤੇ ਕੀਤੀ ਜਾਵੇ ਤਾਂ ਇੱਥੇ ਵੀ ਮਾਣ ਮਿਲਦਾ

ਹੈ ਤੇ ਦਰਗਾਹ ਵਿੱਚ ਵੀ ਮਾਣ ਮਿਲਦਾ ਹੈ। ਐਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ।

ਗੁਰੂ ਨਾਨਕ ਇਹ ਕਹਿੰਦੇ ਨੇ -

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ *ਅੰਗ - ੨੬*

ਇਹ ਠੀਕ ਹੈ ਸੇਵਾ ਕਰਨ ਵਾਲੇ ਨੂੰ ਇੱਥੇ ਵੀ ਮਾਣ -

ਗੁਰ ਕੀ ਸੇਵਾ ਪਾਏ ਮਾਨੁ ॥ *ਅੰਗ - ੮੬੪*

ਲੇਕਿਨ ਸੇਵਾ-ਸੇਵਾ ਕਰਨ ਵਿੱਚ ਫਰਕ ਹੈ, ਜੇ ਤਾਂ ਬੱਧਾ ਚੱਟੀ ਕਰਦਾ ਹੈ ਜਾਂ ਇਸ ਕਰਕੇ ਕਰਦਾ ਹੈ ਕਿ ਬਾਬਾ ਜੀ ਨਰਾਜ਼ ਨਾ ਹੋ ਜਾਣ, ਦੇਖਦੇ ਨੇ ਸੇਵਾ ਕਰਾਂ, ਉਹ ਤਾਂ ਸੇਵਾ ਹੋਰ ਚੀਜ਼ ਹੈ। ਇੱਕ ਆਪੇ ਹੀ ਜਾਂਦਾ ਹੈ, ਆਪਣੇ ਆਪ ਹੀ ਸੇਵਾ ਕਰਨ। ਬਈ ਮੈਂ ਹੁਣ ਸੇਵਾ ਕੀ ਕਰਾਂ।

ਹੁਣ ਇੱਥੇ ਬੀਬੀਆਂ ਆਉਂਦੀਆਂ ਨੇ, ਬਈ ਭਾਈ ਬੀਮਾਰੀ ਹੱਟ ਜਾਊਗੀ ਸੇਵਾ ਕਰੋ। ਗੁਰੂ ਪ੍ਰਸੰਨ ਹੋ ਜਾਏਗਾ। ਕਈ ਵਾਰੀ ਮੈਂ ਦੇਖਦਾ ਹਾਂ, ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਦਿਲੋਂ ਸੇਵਾ ਨਹੀਂ ਕਰਦੀ ਬੱਸ ਰਾਜ਼ੀ ਹੋਣ ਵਾਸਤੇ ਹੀ ਕਰਦੀ ਹੈ। ਮੈਨੂੰ ਪਤਾ ਲਗ ਜਾਂਦਾ ਹੈ ਸਾਧਸੰਗਤ ਜੀ, ਮੇਰੇ ਤੋਂ ਪੁੱਛ ਲੈਣ ਮੈਂ ਆਪੇ ਹੀ ਦੱਸ ਦਿੰਦਾ ਹਾਂ। ਸੇਵਾ ਹੋਰ ਚੀਜ਼ ਹੁੰਦੀ ਹੈ, ਨੱਠ-ਨੱਠ ਕੇ ਪੈਂਦਾ ਹੈ ਬੰਦਾ। ਇੱਥੇ ਕਰਦੇ ਨੇ ਬੱਚੇ ਸੇਵਾ। ਬੜਾ ਚਿੱਤ ਖੁਸ਼ ਹੁੰਦਾ ਹੈ ਉਨ੍ਹਾਂ ਨੂੰ ਦੇਖ ਕੇ। ਕਈ ਐਸੇ ਵੀ ਹੁੰਦੇ ਨੇ ਉਹ ਮੂੰਹ ਮੁਲਾਹਜ਼ਾ ਰੱਖਣ ਵਾਸਤੇ ਸੇਵਾ ਕਰਦੇ ਨੇ, ਬਈ ਬਾਬਾ ਜੀ ਖੜ੍ਹਾ ਹੈ ਇਹਨੇ ਕਹਿਣਾ ਹੈ ਕਿ ਇਹ ਆਇਆ ਹੀ ਨਹੀਂ ਹੈ। ਆਥਣੇ ਜਦੋਂ ਮੈਂ ਤੁਰਨ ਲੱਗਾਂਗਾ ਜਦ ਕੁ ਦਰਸ਼ਨ ਹੁੰਦੇ ਨੇ, ਨਹੀਂ ਤਾਂ ਹੁੰਦੇ ਹੀ ਨਹੀਂ ਇਧਰ ਉਧਰ ਘੁੰਮੀ ਜਾਂਦੇ ਨੇ। ਉਹ ਨਹੀਂ ਸੇਵਾ -

ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥ *ਅੰਗ - ੧੦੭੧*

ਸਤਿਗੁਰੂ ਦੀ ਸੇਵਾ ਤਾਂ ਸਫਲ ਹੈ। ਕਹਿੰਦੇ ਉਹਦੀ ਸਫਲ ਹੈ -

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਅੰਗ - ੫੫੨

ਜਿਹੜਾ ਚਿੱਤ ਲਾ ਕੇ ਕਰਦਾ ਹੈ ਤੇ ਨਿਮਾਣਾ ਹੋ ਕੇ ਕਰਦਾ ਹੈ, ਸ਼ੁਕਰ 'ਚ ਰਹਿੰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਤੂੰ ਮੈਨੂੰ ਸੇਵਾ ਕਰਨ ਦਾ ਬਲ ਬਖਸ਼ ਦਿੱਤਾ ਹੈ ਮਨੁੱਖ ਜਾਮੇ 'ਚ, ਬਣ ਕੇ ਨਹੀਂ ਕਰਦਾ। ਜਿਹੜਾ ਬਣ ਕੇ ਕਰਦਾ ਹੈ, ਮਹਾਰਾਜ ਕਹਿੰਦੇ ਉਹ ਤਾਂ ਨਹੀਂ ਸੇਵਕ ਹੈਗਾ। ਬਾਕੀ ਉਹ ਤਾਂ ਬਾਤਾਂ ਚੀਤਾਂ ਨੇ, ਬਾਤਾਂਚੀਤਾਂ ਨੂੰ ਤਾਂ ਮਹਾਰਾਜ ਐਸ ਤਰ੍ਹਾਂ ਫੁਰਮਾਉਂਦੇ ਨੇ -

ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ ਚਾਕਰ ਕੋਈ-ਕੋਈ ਹੈ।

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥
ਅੰਗ - ੪੭੪

ਮਹਾਰਾਜ ਕਹਿੰਦੇ ਗੱਲਾਂ ਵਾਲੀ ਦੁਨੀਆਂ ਬੇਅੰਤ ਹੈ। ਲੇਕਿਨ ਸੱਚੇ ਦਿਲ ਦਾ ਚਾਕਰ ਹੋਣਾ ਬਹੁਤ ਮੁਸ਼ਕਲ ਹੈ। ਸੇਵਾਦਾਰ ਹੋਣਾ ਬਹੁਤ ਮੁਸ਼ਕਲ ਹੈ। ਕਹਿੰਦੇ ਉਹ ਹੁੰਦਾ ਹੈ ਜਿਹੜਾ ਆਪਣਾ ***'ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ ਅੰਗ - 1247'*** ਜਿਹੜਾ ਸਿਰ ਦੀ ਵੀ ਪਰਵਾਹ ਨਾ ਕਰੇ, ਉਹਦਾ ਹੁੰਦਾ ਹੈ।

ਇੱਥੇ ਰਤਵਾੜਾ ਸਾਹਿਬ ਮੇਰੇ ਕੋਲ ਆਇਆ ਬੱਚਾ, ਕਹਿੰਦਾ ਜੀ ਵਾਹਿਗੁਰੂ ਮੰਤ੍ਰ ਦੀ ਰੌਲ 'ਤੇ ਬੈਠਣ ਨੂੰ ਕੋਈ ਬੀਬੀ ਤਿਆਰ ਨਹੀਂ ਹੋ ਰਹੀ, ਕੋਈ ਭਾਈ ਨਹੀਂ ਤਿਆਰ ਹੋ ਰਿਹਾ। ਇਹ ਤਾਂ ਬੀਮਾਰ ਹੋ ਜਾਣਗੇ ਸਾਰੇ, ਇਹ ਤਾਂ ਅਸੀਂ ਕਰਿਆ ਹੀ ਤਾਂ ਹੈ, ਬਈ ਗੁਰਦੁਆਰੇ ਦੇ ਪ੍ਰਸ਼ਾਦੇ ਛੱਕ ਭਜਨ ਵੀ ਬਰਾਬਰ ਦਾ ਹੁੰਦਾ ਰਹੇ। ਬਈ ਇਨ੍ਹਾਂ ਨੂੰ ਇਹ ਗੱਲ ਸਮਝ ਵਿੱਚ ਹੀ ਨਹੀਂ ਪਈ। ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਹੀ ਟਲਦੇ ਨੇ। ਮੈਂ ਕਿਹਾ ਜਾਹ, ਜਿਹੜੀ ਬੀਬੀ ਨੂੰ ਕਹੇਂਗਾ, ਜੇ ਉਹਨੇ ਨਾਂਹ ਕਰੀ, ਮੇਰੇ ਕੋਲ ਲਿਆਈਂ ਫਟਾਫਟ, ਫੇਰ ਉਹਨੇ ਜਾ ਕੇ ਕਿਹਾ, ਫੇਰ ਉਹ ਆਇਆ ਨਹੀਂ। ਮੈਂ ਹੈਰਾਨ ਸੀ ਇਸ ਗੱਲ ਦੇ ਉਤੇ। ਇਹ ਮੈਂ ਤਾਂ ਕਰਦਾ ਹਾਂ ਇੱਥੇ ਵਾਲਿਆਂ ਨਾਲ ਗੱਲ ਕਿਉਂਕਿ ਇਹ ਸੇਵਾਦਾਰ ਕਹਾਉਂਦੇ ਨੇ, ਘਰ-ਬਾਰ ਛੱਡੇ, ਫੇਰ ਸਹੀ ਸੇਵਾ ਵਾਲਾ ਹੋਣਾ ਚਾਹੀਦਾ ਹੈ। ਜੇ ਤਾਂ ਐਡਾ ਸ਼ੌਕ ਹੋਵੇ ਫੇਰ ਤਾਂ ਠੀਕ ਹੈ, ਨਹੀਂ ਤਾਂ ਆਪਣੇ ਘਰ ਜਾ ਕੇ ਵਿਆਹ ਵਗੈਰਾ ਕਰਾਓ, ਜਿੱਥੇ ਦੁਨੀਆਂ ਰੋਂਦੀ ਕੁਰਲਾਉਂਦੀ ਹੈ ਉਥੇ ਆਪ ਫਿਰੀ ਜਾਓ ਵਿਚੇ, ਗੁਜ਼ਾਰਾ ਸਭ ਦਾ ਹੋ ਹੀ ਜਾਣਾ ਹੈ। ਜੇ ਗੁਰੂ ਦੇ

ਦਰ 'ਤੇ ਆਉਣਾ ਹੈ ਤਾਂ ਗੁਰੂ ਦਾ ਦਰਬਾਰ ਕੁਛ ਹੋਰ ਤਰ੍ਹਾਂ ਦਾ ਹੈ। ਉਹ ਤਾਂ ਕਹਿੰਦਾ ਹੈ ਕਿ -

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

ਅੰਗ - ੧੧੦੨

ਰੇਣਕਾ ਬਣ ਕੇ ਆ। ਸੋ ਮਹਾਰਾਜ ਕਹਿੰਦੇ ਸੇਵਾ ਸੇਵਾ 'ਚ ਭਾਈ ਕੀਰਤੀਆਂ ਫਰਕ ਹੈ ਤੇਰਾ ਪਿਤਾ ਸੇਵਾ ਤਾਂ ਕਰਦਾ ਸੀ, ਚੌਰ ਬਰਦਾਰ ਸੀ, ਹਰ ਵਕਤ ਗੁਰੂ ਦੇ ਕੋਲ ਰਹਿੰਦਾ ਸੀ। ਪਰ ਉਹਦੇ ਮਨ ਵਿਚ ਅਭਿਮਾਨ ਬੜਾ ਸੀ ਬਈ ਮੈਂ ਗੁਰੂ ਦਾ ਚੌਰੀ ਹਾਂ।

ਕਹਿੰਦਾ, ਮਹਾਰਾਜ! ਗੱਲ ਕੀ ਹੋਈ ਆਪ ਖੋਲ੍ਹ ਕੇ ਦੱਸੋ?

ਮਹਾਰਾਜ ਨੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਵਾਨ ਦਾ ਭੋਗ ਪਿਆ ਤੇ ਮਹਾਰਾਜ ਅਜੇ ਬੈਠੇ ਨੇ ਤੇ ਤੇਰਾ ਪਿਤਾ ਪ੍ਰਸ਼ਾਦ ਵੰਡਣ ਲੱਗ ਗਿਆ। ਪ੍ਰਸ਼ਾਦ ਵੰਡਦੇ-ਵੰਡਦੇ ਉਥੇ ਇੱਕ ਕਿਸਾਨ ਦਸਵੰਧ ਲਈਂ ਆਉਂਦਾ ਸੀ। ਉਹਨੇ ਅੱਗੇ ਜਾਣਾ ਸੀ, ਉਹਨੇ ਗੱਡਾ ਰੋਕ ਲਿਆ, ਮਨ ਵਿੱਚ ਹੋਇਆ ਕਿ ਭੋਗ ਲੱਗਿਆ ਹੋਇਆ ਹੈ ਗੁਰੂ ਦਾ, ਜਦੋਂ ਭੋਗ ਲੱਗ ਗਿਆ ਸ਼ੀਤ ਪ੍ਰਸ਼ਾਦ ਜਿਹੜਾ ਗੁਰੂ ਦਾ ਖਾ ਲਏਗਾ, ਉਹਦੇ ਤਨ ਮਨ ਸਭ ਨਿਰਮਲ ਹੋ ਜਾਣੇ ਨੇ। ਗੁਰੂ ਦਾ ਸ਼ੀਤ ਪ੍ਰਸ਼ਾਦ ਕਿਤੇ ਮਿਲਦਾ ਹੈ? ਬਈ ਹੋਵੇ ਨਾ ਤਾਂ ਮੈਂ ਭਾਗਾਂ ਵਾਲਾ ਬਣਾਂ ਤੇ ਮੈਂ ਪ੍ਰਸ਼ਾਦ ਲੈ ਆਵਾਂ।

ਸ਼ੀਤ ਪ੍ਰਸ਼ਾਦ ਹੁੰਦਾ ਹੈ ਇਹ। ਕਹਿੰਦੇ ਵੀ ਹਾਂ ਅਰਦਾਸ ਦੇ ਅੰਦਰ ਤੇ ਨਾਲ ਇਹ ਅਰਦਾਸ ਕਰਦੇ ਨੇ ਕਿ ਬੰਦਗੀ ਕਰਨ ਦਾ ਵਲ ਆ ਜਾਵੇ, ਸ਼ੀਤ ਪ੍ਰਸ਼ਾਦ ਛਕ ਕੇ, ਨਾਮ ਜਪਣ ਦਾ, ਸੇਵਾ ਕਰਨ ਦਾ। ਬੜਾ ਕੁਛ ਅਰਦਾਸ ਕਰਨ ਵਾਲੇ ਕਹਿੰਦੇ ਨੇ।

ਕਹਿੰਦੇ ਉਹ ਇਸ ਆਸ਼ੇ ਨਾਲ ਆਇਆ। ਇਧਰਲੇ ਪਾਸੇ ਤੇਰੇ ਪਿਤਾ ਦੇ ਸਾਮ੍ਹਣੇ ਆ ਗਿਆ, ਗੱਡੇ ਦੀ ਧੂੜ ਨਾਲ ਲੱਥਪੱਥ ਹੋਇਆ, ਦਾਹੜ੍ਹੇ 'ਤੇ ਧੂੜ ਹੀ ਧੂੜ ਪਈ ਹੋਈ ਹੈ, ਚਿਹਰਾ ਧੂੜ ਨਾਲ ਲੱਥਪੱਥ ਹੋਇਆ, ਲੱਤਾਂ 'ਤੇ ਧੂੜ, ਕੱਪੜਿਆਂ 'ਤੇ ਧੂੜ, ਹੱਥ ਉਸਨੇ ਛੇਤੀ ਦੇ ਕੇ ਕੱਪੜੇ ਨਾਲ ਪੂੰਝ ਲਏ। ਜਦੋਂ ਤੇਰੇ ਪਿਤਾ ਕੋਲ ਆਇਆ ਤਾਂ ਉਹ ਕਹਿਣ ਲੱਗਿਆ ਕਿ ਪਰ੍ਹੇ ਹੋ ਕੇ ਬੈਠ, ਫਿੱਕਾ ਬੋਲਿਆ। ਗੱਡਾ ਉਹਦਾ ਤੁਰ ਪਿਆ, ਉਹਨੇ ਦੇਖ ਲਿਆ ਕਿ ਗੱਡਾ ਤੁਰਿਆ ਜਾਂਦਾ ਹੈ।

ਦੂਸਰੀ ਵਾਰੀ ਉਹਨੇ ਕਿਹਾ ਕਿ ਸ਼ਾਇਦ ਮੈਨੂੰ ਹੁਣ ਪ੍ਰਸ਼ਾਦ ਦੇ ਦੇਵੇ, ਕਿਹਾ ਕਿਤੇ ਗੱਡਾ ਪਾਸ ਨਾ ਮਾਰ ਜਾਏ, ਬਲਦ ਤੁਰ ਪਏ। ਕਹਿੰਦੇ, ਪ੍ਰੇਮੀਆਂ! ਉਹ ਜਦੋਂ ਤੇਰੇ ਪਿਤਾ ਦੇ ਸਾਮ੍ਹਣੇ ਦੂਜੀ ਵਾਰੀ ਆਇਆ ਉਸ ਵੇਲੇ ਤੇਰਾ ਪਿਤਾ ਕਹਿਣ ਲੱਗਿਆ ਕਿ ਤੈਨੂੰ ਕਿਹਾ ਸੀ ਉਥੇ ਬੈਠ, ਕਹਿੰਦਾ ਰਿੱਛ ਜਿਹਾ, ਟੱਪ ਕੇ ਫੇਰ ਸਾਮ੍ਹਣੇ ਆ ਗਿਆ। ਮਹਾਰਾਜ ਕਹਿਣ ਲੱਗੇ ਕਿ ਫਿੱਕਾ ਬੋਲਿਆ, ਕੁਰਹਿਤ ਕਰ ਦਿੱਤੀ ਫਿੱਕਾ ਬੋਲਣ ਨਾਲ। ਰਹਿਤਾਂ ਕੇਵਲ ਇਹੀ ਨਹੀਂ ਕਿ ਕਿਰਪਾਨ ਪਹਿਨ ਲਓ। ਕਛਹਿਰਾ ਪਹਿਨ ਲਓ, ਇਹ ਤਾਂ ਸਰੀਰ ਦੀਆਂ ਰਹਿਤਾਂ ਨੇ, ਅੰਦਰਲੀਆਂ ਰਹਿਤਾਂ ਜਿਹੜੀਆਂ ਖਰਾਬ ਕਰਦੀਆਂ ਨੇ -

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥

ਅੰਗ - ੭੫੫

ਕਿਵੇਂ ਸਿੱਖ ਕਹਾ ਲਊ ਆਪਣੇ ਆਪ ਨੂੰ, ਨਿੰਦਿਆ ਕਰਨ ਵਾਲਾ। ਉਹ ਤਾਂ ਮਨਮੁਖ ਤੇ ਮੂਰਖ ਹੈ, ਮੁਗਧ ਹੈ, ਚੁਗਲੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ? ਬੇਈਮਾਨੀ, ਠੱਗੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ? ਜਦੋਂ ਰਹਿਤਾਂ ਦੀ ਉਲੰਘਣਾ ਕਰੇਗਾ ਫੇਰ ਸਜ਼ਾ ਪਾਵੇਗਾ ਤੇ ਰਹਿਤ ਇਸ ਤਰ੍ਹਾਂ ਕਹਿੰਦੀ ਹੈ -

ਧਾਰਨਾ - ਫਿੱਕਾ ਬੋਲ ਨਾ ਜ਼ੁਬਾਨ ਵਿੱਚੋਂ ਬੋਲੀਐ,
ਦਰਗਾਹ ਵਿੱਚ ਧੱਕੇ ਖਾਵੇਂਗਾ।
ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

ਅੰਗ - ੪੭੩

ਕਹਿੰਦੇ, ਕੁਰਹਿਤ ਕਰ ਦਿੱਤੀ ਉਹਨੇ। ਆਪਣਾ ਤਨ ਮਨ ਫਿੱਕਾ ਹੋਇਆ ਰਿੱਛ ਕਹਿ ਕੇ। ਫੇਰ ਉਹਨੇ ਜਦੋਂ ਦਰਗਾਹ 'ਚ ਪਹੁੰਚਿਆ, ਫੇਰ ਜਾਣਾ ਤਾਂ ਸਚਖੰਡ ਨੂੰ ਸੀ। ਲੇਕਿਨ ਫਿੱਕਾ ਕਹਿਣ ਦੇ ਨਾਲ ਧੱਕਿਆ ਗਿਆ ਦਰਗਾਹ 'ਚੋਂ।

ਦਰਗਾਹ 'ਚੋਂ ਸੁੱਟ ਦਿੰਦੇ ਨੇ, ਫਿੱਕੇ ਦਾ ਥਾਂ ਨਹੀਂ ਦਰਗਾਹ ਹੈ। ਕਹਿਣ ਲੱਗੇ, ਫਿੱਕਾ ਬੋਲਿਆ ਰਿੱਛ ਜਿਹਾ ਉਪਰ ਨੂੰ ਚੜ੍ਹਦਾ ਆਉਂਦਾ ਹੈ, ਬੈਠ ਨਹੀਂ ਹੁੰਦਾ ਤੇਰੇ ਤੋਂ। ਗੱਡਾ ਕਹਿੰਦੇ ਕਾਫੀ ਦੂਰ ਚਲਿਆ ਗਿਆ।

ਸਿੱਖ ਪਤਾ ਹੈ ਕੌਣ ਸੀ ਉਹ? ਅਭੇਦ ਅਵਸਥਾ ਦਾ ਸਿੱਖ ਸੀ, ਜਿਹੜਾ ਅਭੇਦ ਅਵਸਥਾ ਦਾ ਸਿੱਖ ਹੁੰਦਾ ਹੈ ਉਹਦੀ ਅਵਸਥਾ ਬਹੁਤ ਉੱਚੀ ਹੁੰਦੀ ਹੈ-

ਧਾਰਨਾ - ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥
ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

ਕਹਿੰਦੇ ਕੀਰਤੀਆਂ, ਉਹ ਜਿਹੜਾ ਸਿੱਖ ਸੀ ਉਹ ਤਾਂ ਗੁਰੂ ਦਾ ਰੂਪ ਹੋਇਆ ਹੋਇਆ ਸੀ, ਅਭੇਦ ਅਵਸਥਾ ਦਾ ਸਿੱਖ ਸੀ, ਹਰ ਵਕਤ ਗੁਰੂ 'ਚ ਰਹਿੰਦਾ ਸੀ, ਤੇਰੇ ਪਿਉ ਨੇ ਸੁਣੀਆਂ ਹੋਈਆਂ ਸੀ ਸਾਖੀਆਂ ਕਿ ਭਾਈ ਲੱਖੂ! ਨੇ ਕਹਿ ਦਿੱਤਾ ਸੀ ਕਿ ਆਵੇ ਕੱਚੇ ਆਵੇ ਕੱਚੇ। ਲੇਕਿਨ ਅੰਦਰੋਂ ਨਹੀਂ ਮੰਨਦਾ ਕਿ ਸਿੱਖ ਗੁਰੂ ਦਾ ਰੂਪ ਹੁੰਦਾ ਹੈ। ਸੋ ਐਨਾ ਫਿੱਕਾ ਬੋਲਿਆ। ਉਹ ਸਿੱਖ ਨੇ ਬਚਨ ਸੁਣੇ, ਨੇਤਰਾਂ 'ਚ ਜਲ ਆ ਗਿਆ ਉਹਦੇ ਕਿ ਗੁਰੂ ਦੀ ਹਜ਼ੂਰੀ 'ਚ, ਗੁਰੂ ਦਾ ਪ੍ਰਸ਼ਾਦ ਲੈਣਾ ਵੀ ਮੈਨੂੰ ਪ੍ਰਵਾਨ ਨਹੀਂ ਹੋਇਆ, ਇੱਕ ਕਿਣਕਾ ਗਿਰਿਆ ਪਿਆ ਸੀ ਉਹ ਚੁੱਕ ਕੇ ਮੁੱਖ 'ਚੋਂ ਪਾ ਲਿਆ, ਕਹਿੰਦੇ ਸਿੱਖਾ! ਰਿੱਛ ਤਾਂ ਤੂੰਹੀ ਬਣਨਾ ਹੈ। ਐਨੀ ਗੱਲ ਕਹਿ ਦਿੱਤੀ। ਇਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

ਧਾਰਨਾ - ਸੁੱਖ ਕਦੇ ਨਾ ਪਾਉਂਦੇ ਜੀ,
ਮੁਗਧ ਨਰ ਸੰਤਾਂ ਨਾਲ ਖਹੰਦੇ।

ਤੇਰਾ ਪਿਉ ਖਹਿਆ ਉਹਦੇ ਨਾਲ, ਅਭੇਦ ਅਵਸਥਾ ਦਾ, ਬ੍ਰਹਮਗਿਆਨੀ ਅਵਸਥਾ ਦਾ ਗੁਰਸਿੱਖ ਲੁਕਿਆ ਹੋਇਆ ਸੀ, ਛੁਪਿਆ ਹੋਇਆ। ਤੇਰੇ ਪਿਤਾ ਨੇ ਭੇਦ ਨਾ ਜਾਣਿਆ। ਸੋ ਪਿਆਰਿਆ! ਉਹਦੇ ਮੁੱਖ 'ਚੋਂ ਨਿਕਲ ਗਿਆ। ਸੰਤ ਕੁਛ ਵੀ ਬੋਲਦਾ ਹੈ, ਜਿਹੜਾ ਕੁਛ ਬੋਲਦਾ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਸੇ ਬਚਨ ਹੋਵੰਦੇ, ਭਗਤ ਮੁਖੇ 'ਤੇ ਬੋਲਦੇ।

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਅੰਗ - ੩੦੬

ਮੁਨੀਆਂ ਦੀ ਜਨਾਂ ਦੀ ਤੇ ਰਿਸ਼ੀਆਂ ਦੀ, ਚਾਰੇ ਵੇਦਾਂ ਦੀ ਬਾਤ ਤੁਹਾਨੂੰ ਦਸਦੇ ਹਾਂ -

ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਅੰਗ - ੩੦੬

ਸੋ ਬਚਨ ਹੋ ਗਿਆ ਭਾਈ ਕੀਰਤੀਆ! ਬਚਨ ਹੋ ਗਿਆ ਤੇ ਹੁਣ ਬਚਨ ਹੋਇਆ-ਹੋਇਆ, ਮੈਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਚੌਰ ਬਰਦਾਰੀਆਂ ਹਾਂ, ਇਹਨੇ ਕੀ ਗੱਲ ਕਹਿ ਦਿੱਤੀ। ਇਹ ਨਹੀਂ ਹੈ ਕਿ ਉਸ ਤੋਂ ਮਾਫੀ ਮੰਗਦਾ, ਖਿਮਾ ਮੰਗਦਾ, ਨਾ ਆਪਣੇ ਅਭਿਮਾਨ 'ਚ ਰਿਹਾ ਕਿ ਆਪੇ ਗੁਰੂ ਮਹਾਰਾਜ ਮੈਂ ਜਿਨ੍ਹਾਂ ਦੀ ਸੇਵਾ ਕਰਦਾ ਹਾਂ ਇਹ ਦਰਗਾਹ 'ਚ ਸਹਾਇਤਾ ਕਰਨਗੇ। ਦੂਜੇ ਪਾਸੇ ਗੁਰੂ ਮਹਾਰਾਜ ਇਸ ਤਰ੍ਹਾਂ ਵੀ ਕਹਿੰਦੇ ਨੇ-

ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,
ਸੰਤਾਂ ਦਾ ਬੋਲ ਨਾ ਟਲੇ।

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ
॥ ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ ॥ ਅੰਗ - ੧੨੦੪

ਸਾਧ ਦੇ ਮੁਖ ਤੋਂ ਬਚਨ ਹੋ ਗਿਆ। ਹੁਣ ਇਹਨੂੰ ਟਾਲਣ ਨੂੰ ਕੋਈ ਸਮਰੱਥ ਨਹੀਂ। ਕਹਿੰਦਾ, ਮਹਾਰਾਜ! ਗੁਰੂ ਤੇਗ ਬਹਾਦਰ ਸਾਹਿਬ ਤਾਂ ਸੀਗੇ? ਕਹਿੰਦੇ, ਪ੍ਰੇਮੀਆਂ! ਗੁਰੂ ਤੇਗ ਬਹਾਦਰ ਇਹ ਕਹਿੰਦੇ ਨੇ ਕਿ ਉਹ ਮੇਰਾ ਹੀ ਰੂਪ ਸੀ, ਮੈਂ ਹੀ ਉਹਦੀ ਜ਼ੁਬਾਨ 'ਤੇ ਬੋਲਿਆ ਸੀ। ਗੁਰੂ ਹੀ ਬੋਲਦਾ ਹੁੰਦਾ ਹੈ ਸੰਤਾਂ ਦੀ ਜ਼ੁਬਾਨ 'ਤੇ -

ਧਾਰਨਾ - ਪ੍ਰਭ ਜੀ ਦਾ ਵਾਸਾ ਹੈ,
ਸੰਤਾਂ ਦੀ ਰਸਨਾ ਉਤੇ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥ ਅੰਗ - ੨੬੩

ਭਾਈ ਕੀਰਤੀਆ! ਉਹ ਆਪ ਨਹੀਂ ਸੀ ਬੋਲਿਆ, ਗੁਰੂ ਤੇਗ ਬਹਾਦਰ ਸਾਹਿਬ ਉਹਦੀ ਜ਼ੁਬਾਨ 'ਤੇ ਬੋਲੇ ਸੀ। ਸੋ ਬੋਲ ਕਿਵੇਂ ਟਲ ਜਾਵੇ, ਸੇਵਾ ਕੀਤੀ ਠੀਕ ਹੈ ਕਰੀ, ਉਸ ਸੇਵਾ ਦਾ ਹੀ ਫਲ ਹੈ ਕਿ ਇਹ ਫੇਰ ਸਾਡੇ ਸਾਮ੍ਹਣੇ ਆ ਗਿਆ। ਚਰਨ ਫੜ ਲਏ, ਆਕੜ ਛੱਡ ਦਿੱਤੀ। ਗੁਮਾਨ ਨਿਕਲ ਗਿਆ ਅੰਦਰੋਂ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਚੌਰ ਬਰਦਾਰੀ ਹਾਂ।

ਇਹ ਮਾਣ ਹੀ ਮਾੜੀ ਚੀਜ਼ ਹੁੰਦੀ ਹੈ ਜਿਹਨੂੰ ਹੋ ਜਾਵੇ ਉਹ ਡੁੱਬ ਜਾਂਦਾ ਹੈ। ਕਿਸੇ ਨੂੰ ਹੋ ਜਾਏ,

ਸੰਤਾਂ ਦੇ ਬਹੁਤੇ ਸੇਵਾਦਾਰ ਇਸ ਕਰਕੇ down (ਬਹੁਤ ਹੀ ਹੇਠਾਂ) ਚਲੇ ਜਾਂਦੇ ਨੇ ਅਭਿਮਾਨ ਆ ਜਾਂਦਾ ਹੈ ਉਨ੍ਹਾਂ ਦੇ ਮਨਾਂ 'ਚ। ਕੁਛ ਲੈ ਨਹੀਂ ਸਕਦੇ ਫੇਰ ਇਹ ਨਿਮਰਤਾ ਦਾ ਘਰ ਹੈ। ਝੁਕੇ ਪੱਲੜੇ ਭਾਰੀ ਹੁੰਦੇ ਨੇ, ਉੱਚੇ ਪਲੜੇ ਫਿੱਕੇ ਪੈ ਜਾਂਦੇ ਨੇ।

ਸੋ ਕਹਿਣ ਲੱਗਿਆ ਕਿ ਮਹਾਰਾਜ! ਕ੍ਰਿਪਾ ਕਰੋ ਆਪ ਜਿਵੇਂ ਕਿਵੇਂ ਹੋਵੇ ਰੱਖੋ ਇਹਦੀ ਗੱਲ। ਮਹਾਰਾਜ ਨੇ ਰਿੱਛ ਵਾਲੇ ਨੂੰ ਕਿਹਾ ਕਿ ਕਿੰਨੇ ਪੈਸੇ ਲੈਣੇ ਨੇ? ਕਹਿੰਦਾ ਦੋ ਸੌ ਰੁਪਿਆ। ਮਹਾਰਾਜ ਕਹਿੰਦੇ ਦਿਓ ਦੋ ਸੌ ਰੁਪਿਆ। ਉਹਨੇ ਕਿਹਾ ਕਿ ਮੈਂ ਤਾਂ ਐਵੇਂ ਹੀ ਦੋ ਸੌ ਕਹਿ ਦਿੱਤਾ, ਪੰਜ ਸੌ ਸੱਤ ਸੌ ਕਹਿਣਾ ਚਾਹੀਦਾ ਸੀ ਮੈਨੂੰ। ਇਹ ਦੋ ਸੌ ਰੁਪਿਆ ਤਾਂ ਮੈਨੂੰ ਦੇ ਦੇਣਗੇ, ਮੈਂ ਜ਼ਿਆਦਾ ਮੰਗਾਂ, ਅੜਾਂ ਥੋੜ੍ਹਾ ਜਿਹਾ। ਸੋ ਉਸ ਵੇਲੇ ਕਹਿੰਦਾ ਮੈਂ ਨਹੀਂ ਵੇਚਣਾ ਮਹਾਰਾਜ। ਮਹਾਰਾਜ ਕਹਿੰਦੇ, ਦੇਖ ਸਾਰਿਆਂ ਦੇ ਸਾਮ੍ਹਣੇ ਤੂੰ ਜ਼ੁਬਾਨ ਕਰੀ ਹੈ ਤੇ ਹੁਣ ਕਿਵੇਂ ਮੁਕਰਦਾ ਹੈਂ? ਕਹਿੰਦੇ, ਜਾਓ ਸਿੰਘੋ! ਇਹਦਾ ਜਿਹੜਾ ਧਨ ਹੈ ਉਹਨੂੰ ਵੀ ਲੇਖੇ 'ਚ ਲਾਓ। ਇਹ ਸਾਡੇ ਸਿੱਖ ਨੂੰ ਫੜੀ ਫਿਰਦਾ ਹੈ। ਲੈ ਲਿਆ, ਦੋ ਸੌ ਰੁਪਏ ਦਾ ਪ੍ਰਸ਼ਾਦ ਲਿਆਓ ਬਣਾ ਕੇ। ਪ੍ਰਸ਼ਾਦ ਲਿਆਂਦਾ ਤੇ ਮਹਾਰਾਜ ਜੀ ਨੇ ਅਰਦਾਸ ਆਪ ਕਰੀ, ਗੁਰੂ ਨਾਨਕ ਦੇ ਦਰਬਾਰ 'ਤੇ। ਸੀਗੇ ਤਾਂ ਆਪ ਹੀ ਸਭ ਕੁਛ ਪਰ ਸਾਨੂੰ ਸਿਖਾਉਂਦੇ ਸੀ ਕਿ ਐਸ ਤਰ੍ਹਾਂ ਕਰੀਦਾ ਹੁੰਦਾ ਹੈ। ਪ੍ਰਸ਼ਾਦ ਪਾਇਆ, ਦੜੰਮ ਦੇ ਕੇ ਰਿੱਛ ਮਰ ਗਿਆ। ਸ਼ੀਤ ਪ੍ਰਸ਼ਾਦ ਦਿੱਤਾ ਉਸੇ ਵੇਲੇ ਇੱਕ ਦਮ ਰਿੱਛ ਦੀ ਜੂਨੀ ਛੁੱਟ ਗਈ ਤੇ ਕੀ ਦੇਖਦੇ ਨੇ ਸਾਮ੍ਹਣੇ ਭਾਈ ਕੀਰਤੀਏ ਦਾ ਪਿਉ ਖੜ੍ਹਾ ਹੈ। ਨਮਸ਼ਕਾਰਾਂ ਕਰਦਾ ਹੈ, ਪਾਤਸ਼ਾਹ! ਭੁੱਲ ਹੋ ਗਈ ਸੀ, ਫੇਰ ਵੀ ਤੁਸੀਂ ਬਿਰਦ ਬਾਣੇ ਦੀ ਲਾਜ ਰੱਖ ਲਈ। ਭਗਤ ਵਛਲ ਓਂ ਤੁਸੀਂ ਮੈਨੂੰ ਫੇਰ ਰੱਖ ਲਿਆ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੇ ਅਨੇਕ ਕੌਤਕ ਨੇ, ਜੇ ਦੋ ਚਾਰ ਮਹੀਨੇ, ਛੇ ਮਹੀਨੇ ਵੀ ਵਿਚਾਰ ਕਰੀ ਜਾਈਏ, ਤਾਂ ਵੀ ਖਤਮ ਹੋਣ 'ਚ ਨਹੀਂ ਆਉਂਦੇ। ਸੋ ਅੱਜ ਆਪ ਉਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਓਂ ਤੇ ਉਨ੍ਹਾਂ ਨੇ ਜੋ ਬਚਿੱਤਰ ਚੀਜ਼ ਲਿਆਂਦੀ ਹੈ, ਉਹ ਹੈ ਅੰਮ੍ਰਿਤ। ਅੰਮ੍ਰਿਤ ਹਰੇਕ ਦੇ ਅੰਦਰ ਹੈ –

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ – ੨੯੩

ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ, ਜਿੰਨੀ ਦੇਰ ਤੱਕ ਪੰਜ ਪਿਆਰਿਆਂ ਤੋਂ ਬਾਹਰੋਂ ਅੰਮ੍ਰਿਤ ਦੀ ਦਾਤ ਲੈ ਕੇ ਨਾਮ ਦੀ ਕਮਾਈ ਨਾ ਕਰੇ। ਬਾਹਰੋਂ ਨਾਮ ਲਓ ਪੰਜ ਪਿਆਰਿਆ ਤੋਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਜੋ ਟਰੱਸਟੀ ਹੈ, ਉਹ ਪੰਜ ਪਿਆਰੇ ਨੇ। ਉਨ੍ਹਾਂ ਨੇ ਨਾਮ ਦੇਣਾ ਹੈ ਪੰਜਾਂ ਨੇ ਇਕੱਠੇ ਹੋ ਕੇ। ਉਹ ਨਾਮ ਲਓ ਫੇਰ ਸੰਤਾਂ ਦੀ ਸੰਗਤ ਕਰਕੇ ਸੇਵਾ ਕਰਕੇ, ਬਾਣੀ ਦੀ ਵਿਚਾਰ ਕਰਕੇ, ਬਾਣੀ ਪੜ੍ਹ ਕੇ, ਜਿਉਂ-ਜਿਉਂ ਅਸੀਂ ਰੂਹਾਨੀ ਕਦਮ ਅੱਗੇ ਪੁੱਟਦੇ ਜਾਵਾਂਗੇ, ਤਿਉਂ-ਤਿਉਂ ਸਾਨੂੰ ਅਵਸਰ ਮਿਲਦਾ ਜਾਏਗਾ ਕਿ ਅਸੀਂ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਸਕੀਏ। ਸੋ ਅੰਮ੍ਰਿਤ ਦਾ ਕੁੰਡ ਹੈ –

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥

ਅੰਗ – ੫੩੮

ਸੋ ਇਸ ਅੰਮ੍ਰਿਤ ਵਾਸਤੇ ਤਾਕੀਦ ਕਰੀ ਹੈ –

ਧਾਰਨਾ – ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ।

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਭਾਈ ਗੁਰਦਾਸ ਜੀ, ਵਾਰ ੪੧/੧

ਜਿਨ੍ਹਾਂ ਨੇ ਲੰਘਣਾ ਹੈ ਕਲਜੁਗ ਦੇ ਵਿਚੋਂ, ਪੰਜ ਪਿਆਰਿਆਂ ਤੋਂ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੋ, ਸੇਵਾ ਕਰੋ, ਸਿਮਰਨ ਕਰੋ, ਸਤਿਸੰਗ ਕਰੋ ਤੇ ਇਹਦੇ ਨਾਲ ਜਨਮ ਸੁਹੇਲਾ ਹੋ ਜਾਏਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇੱਥੇ ਹੀ ਸਮਾਪਤ ਕਰਦੇ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ
ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
(ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਦੇ ਜਸ ਕਰਨ ਵਿਚ ਮਨ ਚਿੱਤ ਇਕਾਗਰ ਕਰਕੇ, ਗੁਰੂ ਮਹਾਰਾਜ ਦੀ ਹਜ਼ੂਰੀ 'ਚ ਬੈਠੇ ਸੀ। ਮਹਾਰਾਜ ਜੀ ਨੇ ਆਪਾਂ ਨੂੰ ਜੋ ਹੁਕਮ ਦੇ ਕੇ ਸਾਵਧਾਨ ਕੀਤਾ ਹੈ ਉਹਦੇ ਕਈ ਬਚਨ ਵਿਚਾਰਨ ਵਾਲੇ ਨੇ, ਜਿਨ੍ਹਾਂ ਦਾ ਸਿਧਾਂਤ ਬਹੁਤ ਗਹਿਰਾ ਹੈ। ਇਸ ਸਾਰੇ ਸੰਸਾਰ ਵਿਚ ਚਾਹੇ ਕਿਸੇ ਕਿਸਮ ਦਾ ਵੀ ਕੋਈ ਬੰਦਾ ਹੈ, ਪੰਜ ਦੋਖ ਇਸ ਦੇ ਗਲ ਤੋਂ ਨਹੀਂ ਲਹਿੰਦੇ ਤੇ ਸਾਰਿਆਂ ਤੋਂ ਵੱਡਾ, ਸਾਰਿਆਂ ਰੋਗਾਂ ਦੀ ਜੜ੍ਹ, ਜਿਥੋਂ ਕੁੱਲ ਰੋਗ ਪੈਦਾ ਹੁੰਦੇ ਨੇ - ਸਰੀਰਕ ਰੋਗ ਵੀ, ਮਾਨਸਿਕ ਰੋਗ ਵੀ, ਭਾਈਚਾਰਕ ਰੋਗ ਵੀ, ਆਰਥਕ ਰੋਗ ਵੀ, ਉਹ ਸਾਰਿਆਂ ਦੀ ਜੜ੍ਹ 'ਅਹੰ' ਰੋਗ ਹੈ। ਜਿੰਨਾਂ ਚਿਰ 'ਅਹੰ' ਆਦਮੀ ਦੇ ਅੰਦਰ ਹੈ, 'ਮੈਂ' ਹੈ ਜਿੰਨਾ ਚਿਰ, ਓਨਾਂ ਚਿਰ ਇਹ ਰੋਗੀ ਰਹਿੰਦਾ ਹੈ। ਇਸ ਰੋਗ ਦੇ ਵਿਚ ਮਹਾਰਾਜ ਕਹਿੰਦੇ ਨੇ ਇਕ-ਦੋ-ਚਾਰ-ਦਸ ਨਹੀਂ ਹਨ -

ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ - ੧੧੪੦

ਰੋਗ ਤੋਂ ਰਹਿਤ ਵੀ ਹੈਗਾ ਲੇਕਿਨ ਸਾਰਾ, ਜਿੰਨਾਂ ਵੀ ਨਜ਼ਰ ਆਉਂਦਾ ਹੈ, ਜਿੰਨਿਆਂ ਨੂੰ ਅਸੀਂ ਜਾਣਦੇ ਹਾਂ, ਜਿੰਨਿਆਂ ਦੇ ਬਾਰੇ ਸਾਡੀ ਵਾਕਫੀਅਤ ਹੈ - ਸਾਰੇ ਰੋਗੀ ਨੇ। ਕੁਦਰਤ ਵੀ ਰੋਗੀ ਹੈ, ਸੂਰਜ, ਚੰਦਰਮਾ, ਤਾਰੇ ਵੀ ਰੋਗੀ ਨੇ, ਪੰਦਰਾ ਸੋਲ੍ਹਾਂ ਸਵਰਗਾਂ ਵਿਚ ਰਹਿਣ ਵਾਲੇ ਦੇਵਤੇ ਵੀ ਰੋਗੀ ਨੇ। ਬ੍ਰਹਮਾ ਵੀ ਰੋਗੀ ਹੈ, ਵਿਸ਼ਨੂੰ ਵੀ ਰੋਗੀ ਹੈ, ਸ਼ਿਵ ਜੀ ਵੀ ਰੋਗੀ ਹੈ। ਹੋਰ ਨਰਕਾਂ 'ਚ ਰਹਿਣ ਵਾਲੇ ਤਾਂ ਰੋਗੀ ਹੈਗੇ ਹੀ, ਆਹ ਸੰਸਾਰ ਤੇ ਰਹਿਣ ਵਾਲੇ ਵੀ ਰੋਗੀ ਨੇ ਕਿਉਂਕਿ ਅਹੰ ਰੋਗ ਸਾਰਿਆਂ ਨੂੰ ਲੱਗਿਆ ਹੋਇਆ ਹੈ। ਇਹ ਚਾਹੇ ਕੁਛ ਕਰਦਾ ਹੈ, ਮਹਾਰਾਜ ਕਹਿੰਦੇ ਜਿੰਨਾਂ ਜੀਅ ਕਰਦਾ ਹੈ ਕਰ ਲੈ, ਜਦ ਤੱਕ ਤੇਰੇ ਅੰਦਰ ਬਿਬੇਕ ਬਿਰਤੀ ਨਹੀਂ ਜਾਗਦੀ, ਬਿਬੇਕ ਬੁੱਧੀ ਦਾ ਪ੍ਰਕਾਸ਼ ਨਹੀਂ ਹੁੰਦਾ ਓਨਾਂ ਚਿਰ ਇਹ ਰੋਗ ਨਹੀਂ ਜਾ ਸਕਦਾ। ਜੀਵ-ਜੰਤੂਆਂ ਨੂੰ ਇਕ-ਇਕ ਰੋਗ ਲੱਗਿਆ ਹੋਇਆ ਹੈ ਓਸ ਇਕ ਰੋਗ ਦੇ ਨਾਲ ਹੀ ਉਨ੍ਹਾਂ ਦਾ ਵਿਨਾਸ਼ ਹੋ ਜਾਂਦਾ ਹੈ। ਮੱਛੀ ਨੂੰ ਜ਼ੁਬਾਨ ਦਾ ਰੋਗ ਹੈ। ਕੁੰਡੀ ਦੇ ਨਾਲ ਆਟਾ ਲਾ ਦਿੰਦੇ ਨੇ, ਐਨੀ ਕਾਹਲੀ ਕਰਦੀ ਹੈ ਕਿ ਸਮੇਤ ਕੁੰਡੀ ਦੇ ਓਸ ਆਟੇ ਨੂੰ ਅੰਦਰ ਨਿਘਲ ਲੈਂਦੀ ਹੈ, ਗਲ 'ਚ ਕੁੰਡੀ ਫਸ ਜਾਂਦੀ ਹੈ ਤੇ ਉਹ ਚੁੱਕ ਕੇ ਬਾਹਰ ਖਿੱਚ ਲੈਂਦੇ ਨੇ, ਇਹ ਮਾਰੀ ਜਾਂਦੀ ਹੈ - ਇਕ ਰੋਗ ਦੇ ਨਾਲ। ਦ੍ਰਿਸ਼ਟ ਰੋਗ ਜੋ ਲੱਗਿਆ ਹੋਇਆ ਹੈ ਉਹ ਪਤੰਗੇ ਨੂੰ ਲੱਗਿਆ ਹੋਇਆ ਹੈ। ਲਾਈਟ ਜਲ ਰਹੀ ਹੈ, ਇਕ ਦਮ ਉਹਦੇ ਉਤੇ ਜਾ-ਜਾ ਕੇ ਜਲਦਾ ਤੁਰਿਆ ਜਾਂਦਾ ਹੈ। ਕੰਨਾਂ ਦਾ ਜੋ ਰੋਗ ਹੈ - ਸ਼ਬਦ ਰੋਗ, ਇਹ ਹਰਨ ਨੂੰ ਲੱਗਿਆ ਹੋਇਆ ਹੈ। ਘੰਡੇਹੇੜੇ ਦੀ ਆਵਾਜ਼ ਸ਼ਿਕਾਰੀ ਦਿੰਦਾ ਹੈ। ਹਰਨ ਸਿੱਧਾ ਲੱਗਿਆ ਹੋਇਆ ਹੈ। ਘੰਡੇਹੇੜੇ ਦੀ ਆਵਾਜ਼ ਸ਼ਿਕਾਰੀ ਦਿੰਦਾ ਹੈ। ਹਰਨ ਸਿੱਧਾ ਹੀ ਉਥੇ ਚਲਿਆ ਜਾਂਦਾ ਹੈ - ਇਸ ਗੱਲ ਤੋਂ ਬੇਪਰਵਾਹ ਹੋ ਕੇ ਕਿ ਮੈਨੂੰ ਮਾਰ ਲਏਗਾ, ਖਾ ਲਏਗਾ। ਹਾਥੀ ਨੂੰ ਕਾਮ ਰੋਗ ਲੱਗਿਆ ਹੋਇਆ ਹੈ, ਸਪਰਸ਼ ਦਾ ਰੋਗ ਹੈ। ਕਾਗਜ਼ਾਂ ਦੀ ਹੱਥਣੀ ਬਣਾ ਕੇ, ਟੋਆ ਪੁੱਟ ਕੇ ਉਤੇ ਘਾਹ ਫੂਸ ਵਿਛਾ ਕੇ ਉਤੇ ਪਤਲੀ ਜਿਹੀ ਛੱਤ ਪਾ ਦਿੰਦੇ ਨੇ - ਬਾਂਸਾਂ ਦੀ। ਹਾਥੀ ਦੌੜਿਆ ਹੋਇਆ ਜਾਂਦਾ ਹੈ ਤੇ ਟੋਏ ਵਿਚ ਗਿਰ ਜਾਂਦਾ ਹੈ ਫੇਰ ਉਸ ਤੋਂ ਨਿਕਲ ਨਹੀਂ ਹੁੰਦਾ, ਸਾਰੀ ਜ਼ਿੰਦਗੀ ਮਨੁੱਖ ਦੀ ਗੁਲਾਮੀ ਕਰਦਾ ਹੈ ਤੇ ਐਡੀ ਤਾਕਤ ਦਾ ਮਾਲਕ ਹੁੰਦਾ ਹੋਇਆ ਬਾਹਰ ਨਹੀਂ ਜਾ ਸਕਦਾ, ਛੁਟ ਨਹੀਂ ਸਕਦਾ, ਜ਼ਿੰਦਗੀ ਗੁਲਾਮ ਹੋ ਕੇ ਗੁਜ਼ਾਰਦਾ ਹੈ। ਸਾਥੀਆਂ ਨਾਲੋਂ ਅਲਹਿਦਾ ਹੋ ਜਾਂਦਾ ਹੈ। ਏਸੇ ਤਰ੍ਹਾਂ ਦੇ ਨਾਲ ਸਾਰਿਆਂ ਨੂੰ ਰੋਗ ਲੱਗੇ ਹੋਏ ਨੇ। ਗੰਧ ਦਾ ਰੋਗ ਭੰਵਰੇ ਨੂੰ ਲੱਗਿਆ ਹੋਇਆ ਹੈ। ਫੁੱਲ ਵਿਚ ਆ ਕੇ ਬੈਠ ਜਾਂਦਾ ਹੈ। ਰਾਤ ਨੂੰ ਫੁੱਲ ਬੰਦ ਹੋ ਜਾਂਦਾ ਹੈ ਉਸ ਤੋਂ ਬਾਅਦ ਸਵੇਰੇ ਮਰ ਜਾਂਦਾ ਹੈ - ਫੁੱਲ ਵਿਚ ਘੁੱਟ ਕੇ। ਮਹਾਰਾਜ ਜੀ ਕਹਿੰਦੇ ਨੇ ਇਨ੍ਹਾਂ ਨੂੰ ਤਾਂ ਇਕ-ਇਕ ਰੋਗ ਹੈ। ਜਿਹੜਾ ਮਨੁੱਖ ਹੈ ਇਹਨੂੰ

ਪੰਜ ਰੋਗ ਲੱਗੇ ਹੋਏ ਨੇ ਇਹ ਤੇ ਸਾਰੇ ਰੋਗਾਂ ਦੀ ਜਿਹੜੀ ਜੜ੍ਹ ਹੈ -

ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥ *ਅੰਗ - ੧੧੪੦*

ਮਨੁੱਖ ਨੂੰ ego (ਹਉਮੈ) ਦਾ ਰੋਗ ਦੇ ਦਿਤਾ। ਇਹ ego ਦਾ ਰੋਗ ਨਹੀਂ ਇਹਦਾ ਟੁੱਟਦਾ। ਇਸ ਦੇ ਵਾਸਤੇ ਬੇਅੰਤ ਇਲਾਜ ਕੀਤੇ ਜਾਂਦੇ ਨੇ -

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥ *ਅੰਗ - ੬੪੧*

ਮੈਂ ਪਾਠੀ ਹਾਂ, ਮੈਂ ਗਿਆਨੀ ਹਾਂ, ਮੈਂ ਕਥਾ ਕਰਦਾ ਹਾਂ, ਮੈਂ ਕੀਰਤਨ ਕਰਦਾ ਹਾਂ, ਮੇਰੇ ਵਿਚਾਰ ਬਹੁਤ ਸੋਹਣੇ ਨੇ, ਮੇਰਾ ਪਾਠ ਬੜਾ ਸ਼ੁੱਧ ਹੈ, ਮੈਂ ਅਮੀਰ ਹਾਂ, ਮੇਰੇ ਨਾਲ ਦਾ ਕੋਈ ਨਹੀਂ ਹੈ, ਮੇਰੇ ਕੋਲ ਜ਼ਮੀਨ ਜ਼ਿਆਦਾ ਹੈ, ਮੇਰੇ 'ਚ ਤਾਕਤ ਜ਼ਿਆਦਾ ਹੈ, ਮੈਂ ਨੇਕ ਹਾਂ, ਫਲਾਣਾ ਬੁਰਾ ਹੈ, ਉਨ੍ਹਾਂ ਨਾਲੋਂ ਮੈਂ ਚੰਗਾ ਹਾਂ। ਆਹ ਖਿਆਲ ਆਦਮੀ ਦੇ ਕਦੇ ਵੀ ਨਹੀਂ ਜਾਂਦੇ ਕਿਉਂਕਿ ਰੋਗੀ ਹੈ। ਰੋਗੀ ਤੋਂ ਰੋਗ ਦੀਆਂ ਹੀ ਗੱਲਾਂ ਹੋਣੀਆਂ ਨੇ। ਜਿਹਨੂੰ ਰੋਗ ਨਹੀਂ ਹੈ ਉਹਦੇ ਖਿਆਲ ਇਹਦੇ ਬਿਪਰੀਤ ਹੁੰਦੇ ਨੇ। ਉਹ ਇਕੋ ਗੱਲ ਦਾ ਫੈਸਲਾ ਕਰ ਲੈਂਦਾ ਹੈ -

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਅੰਗ - ੧੩੬੪

ਮੈਨੂੰ ਛੱਡ ਦਿਓ, ਬਾਕੀ ਸਾਰਾ ਸੰਸਾਰ ਭਲਿਆਂ ਦਾ ਹੀ ਹੈ। ਦੋਖ ਦ੍ਰਿਸ਼ਟੀ ਜਿਹੜਾ ਦੂਸਰਿਆਂ 'ਚ ਕੱਢਦਾ ਹੈ, ਉਹ ਰੋਗੀ ਹੈ ਆਦਮੀ, ਕਿਉਂਕਿ ਉਹਦੇ ਅੰਦਰ ਅਹੰ ਰੋਗ ਪੈਦਾ ਹੋ ਗਿਆ - ਆਪਣੇ ਆਪ ਨੂੰ ਉਚਾ ਕਹਿਣਾ ਦੂਸਰਿਆਂ ਨੂੰ ਨੀਵਾਂ ਕਹਿਣਾ ਜਿਹੜਾ ਏਸ ਤਰ੍ਹਾਂ ਦੇ ਨਾਲ ਸਮਝਦਾ ਹੈ ਕਿ ਮੈਂ ਬੁਰਾ ਹਾਂ ਸੰਸਾਰ ਭਲਾ ਹੈ, ਉਹ -

ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥
ਅੰਗ- ੧੩੬੪

ਕੌਣ ਬੁਝਦਾ ਹੈ? ਦੇਖੋ ਆਪਣੇ ਦਿਲਾਂ 'ਚ ਝਾਤੀ ਮਾਰ ਕੇ। ਕਹਿੰਦਾ ਹੈ ਕੋਈ ਕਿ ਮੈਂ ਫਲਾਣੇ ਨਾਲੋਂ ਮਾੜਾ ਹਾਂ? ਮੈਂ ਉਹਦੇ ਨਾਲੋਂ ਚੰਗਾ ਹਾਂ ਉਹ ਨਿਤਨੇਮ ਨਹੀਂ ਕਰਦਾ, ਉਹਦੇ ਨਾਲੋਂ ਤਾਂ ਮੈਂ ਚੰਗਾ ਹਾਂ, ਮੈਂ ਅੰਮ੍ਰਿਤ ਵੇਲੇ ਜਾਗਦਾ ਹਾਂ। ਮਹਾਰਾਜ ਜੀ ਕਹਿੰਦੇ ਨੇ ਤੂੰ ਤਾਂ ਸੰਗਲ ਬੰਨ੍ਹ ਲਿਆ - ਆਹ ਗੱਲ ਸੋਚ ਕੇ। ਮੈਂ ਚਿਲ੍ਹਾ ਕੱਟਿਆ, ਮੈਂ 42 ਦਿਨ ਬੈਠ ਕੇ, 'ਜਪੁਜੀ ਸਾਹਿਬ' ਦੇ ਪਾਠ ਕੀਤੇ ਨੇ - ਰੋਜ਼ ਦਾ ਸੌ ਪਾਠ। ਮੈਂ ਉਨ੍ਹਾਂ ਸਾਰਿਆਂ ਨਾਲੋਂ ਚੰਗਾ ਹਾਂ ਜਿਹੜੇ ਕਰਦੇ ਨਹੀਂ ਕੁਛ। ਮਹਾਰਾਜ ਜੀ ਕਹਿੰਦੇ ਤੂੰ ਵੀ ਕੁਛ ਨਹੀਂ ਕੀਤਾ, ਤੂੰ ਇਕ ਸੰਗਲ ਹੋਰ ਵਲ੍ਹੇਟ ਲਿਆ ਆਪਣੇ ਆਲੇ-ਦੁਆਲੇ ਜਿਹੜਾ ਟੁੱਟਣਾ ਹੀ ਨਹੀਂ ਹੈ।

ਜਦੋਂ ਗੁਰੂ ਦਸ਼ਮੇਸ਼ ਪਿਤਾ ਜੀ ਪਾਉਂਟੇ ਸਾਹਿਬ ਗਏ ਹੋਏ ਸਨ, ਉਸ ਸਮੇਂ ਦੀ ਕਥਾ ਹੈ, ਸਢੌਰੇ ਇਕ ਬਹੁਤ ਉਚ ਕੋਟੀ ਦਾ ਮਹਾਂਪੁਰਸ਼ ਰਹਿੰਦਾ ਸੀ ਤੇ ਸਮਦ੍ਰਿਸ਼ਟੀ ਸੀ ਓਸਦੀ। ਹਿੰਦੂਆਂ ਤੇ ਮੁਸਲਮਾਨਾਂ ਨੂੰ, ਗਰੀਬਾਂ ਤੇ ਅਮੀਰਾਂ ਨੂੰ, ਪੜ੍ਹਿਆਂ ਹੋਇਆਂ ਨੂੰ, ਅਨਪੜ੍ਹਾਂ ਨੂੰ, ਜਾਣਕਾਰਾਂ ਨੂੰ ਅਣਜਾਣਾਂ ਨੂੰ, ਇਕ ਦ੍ਰਿਸ਼ਟੀ ਨਾਲ ਦੇਖਿਆ ਕਰਦਾ ਸੀ। ਬੜਾ ਮਨ ਵਿਚ ਪਿਆਰ ਸੀ, ਪ੍ਰਮੇਸ਼ਰ ਦੇ ਮਿਲਣ ਦੀ ਬਹੁਤ ਲਗਨ ਸੀ। ਸੇਵਾ ਕਰਦਾ ਸੀ, ਸਮੇਂ ਦੇ ਰਿਵਾਜ ਦੇ ਮੁਤਾਬਿਕ ਦੋ ਲੰਗਰ ਚਲਾਉਂਦਾ ਸੀ - ਇਕ ਇਸਲਾਮ ਵਾਲਿਆਂ ਵਾਸਤੇ ਤੇ ਇਕ ਹਿੰਦੂਆਂ ਵਾਸਤੇ। ਹਿੰਦੂਆਂ ਵਾਸਤੇ ਪੱਕਾ ਲੰਗਰ ਚਲਾਉਂਦਾ ਸੀ ਕਿਉਂਕਿ ਜਾਤਾਂ ਪਾਤਾਂ ਦੇ ਭਰਮ ਬਹੁਤ ਹੋਣ ਕਰਕੇ, ਖਾਂਦੇ ਨਹੀਂ ਸੀ ਕੱਚਾ ਲੰਗਰ। ਕੱਚਾ ਲੰਗਰ ਹੁੰਦਾ ਹੈ ਤਲੀਆਂ ਹੋਈਆਂ ਚੀਜ਼ਾਂ ਤੋਂ ਬਗੈਰ ਜਿਹੜਾ ਹੋਵੇ। ਸੋ ਐਸ ਤਰ੍ਹਾਂ ਉਹ ਪੱਕਾ ਲੰਗਰ ਵੀ ਚਲਾਉਂਦਾ ਸੀ, ਆਇਆਂ ਗਿਆਂ ਦੀ ਸੇਵਾ ਵੀ ਕਰਦਾ ਸੀ, ਵਾਕ ਸਿੱਧੀ ਸੀ, ਲੋਕ ਕਾਮਨਾਵਾਂ ਧਾਰ ਕੇ ਆਉਂਦੇ ਸੀ, healing power ਸੀ, ਬਿਮਾਰਾਂ ਨੂੰ ਰਾਜ਼ੀ ਕਰ ਦਿੰਦਾ ਸੀ, ਹੋਰ ਅਨੇਕਾਂ ਉਹਦੇ ਵਿਚ ਬਰਕਤਾਂ ਹੀ ਬਰਕਤਾਂ ਸਨ, ਸਾਰੇ ਇਲਾਕੇ ਦਾ ਪ੍ਰਿਅ ਸੀ। ਲੋਕ ਜਾਨਾਂ ਵਾਰਨ ਤਕ ਉਹਦੇ ਉਤੋਂ ਕੁਰਬਾਨ ਹੋਣ ਨੂੰ ਤਿਆਰ ਸਨ। ਉਹਦੇ ਜਿਹੜੇ ਮੁਰੀਦ ਹੁੰਦੇ ਸੀ ਉਹ ਬੜੇ ਸੋਝੀ ਵਾਲੇ ਸੀ। ਕਿਸੇ ਨਾਲ ਨਫਰਤ ਨਹੀਂ ਸੀ ਕਰਦੇ, ਕਿਸੇ ਨਾਲ ਦ੍ਵੈਤ ਨਹੀਂ ਸੀ ਕਰਦੇ ਕਿਉਂਕਿ ਉਨ੍ਹਾਂ ਦੇ ਮੁਰਸ਼ਦ ਦੇ ਵਿਚ ਇਹ ਚੀਜ਼ ਨਹੀਂ ਸੀ। ਜਿਹਦੇ ਮੁਰਸ਼ਦ 'ਚ ਨੁਕਸ ਹੁੰਦਾ ਹੈ ਉਹਦੇ ਮੁਰੀਦ ਹਿਕਾਰਤ ਕਰਦੇ ਨੇ, ਦੂਸਰਿਆਂ ਨੂੰ ਨਫਰਤ ਕਰਦੇ ਨੇ, ਦੂਸਰਿਆਂ ਨੂੰ ਘਟੀਆ ਜਾਣਦੇ ਨੇ, ਦੂਸਰਿਆਂ ਨੂੰ ਮੰਦ ਜਾਣਦੇ ਨੇ ਕਿਉਂਕਿ ਉਨ੍ਹਾਂ ਦਾ ਦੱਸਣ ਵਾਲਾ ਹੈ ਉਹ ਵੀ ਉਹੋ ਜਿਹਾ ਹੈ -

ਗੁਰੂ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜੱਪ। *(ਲੋਕ ਅਖੌਤ)*

ਲੇਕਿਨ ਉਹ ਐਸਾ ਨਹੀਂ ਸੀ ਉਹ ਬਹੁਤ ਸੋਝੀ

ਵਾਲਾ ਸੀ। ਇਕ ਗੱਲ ਓਸਦੀ ਸਮਝ 'ਚ ਨਹੀਂ ਸੀ ਆ ਰਹੀ, ਵੱਡੇ-ਵੱਡੇ ਸਾਧੂਆਂ ਨੂੰ ਬੁਲਾ ਕੇ ਤੱਤ ਵਾਕ, ਮਹਾਂਵਾਕ ਸੁਣਦਾ ਸੀ ਤੇ ਉਸ ਤੋਂ ਬਾਅਦ ਬਹੁਤ ਸਾਰੀਆਂ ਕਥਾ-ਕਹਾਣੀਆਂ 'ਚੋਂ ਤੱਤ ਵਿਵੇਚਨ ਦੀਆਂ ਗੱਲਾਂ, ਜੋ ਸਾਰੇ ਧਰਮਾਂ ਦੀਆਂ ਸਾਂਝੀਆਂ ਹੁੰਦੀਆਂ ਹਨ, ਮਹਾਂਪੁਰਸ਼ਾਂ ਨੂੰ ਬੁਲਾ ਕੇ ਸੁਣਦਾ ਰਹਿੰਦਾ ਸੀ। ਜਾਣਦਾ ਸਭ ਕੁਝ ਸੀ ਲੇਕਿਨ ਮਨ ਦਾ ਭਰਮ ਨਹੀਂ ਸੀ ਅਜੇ ਟੁੱਟਿਆ।

ਪੰਜ ਭਰਮ ਆਦਮੀ ਦੇ ਮਨ ਨੂੰ ਹਰ ਵਕਤ ਤੰਗ ਕਰਦੇ ਰਹਿੰਦੇ ਨੇ। ਇਨ੍ਹਾਂ ਪੰਜਾਂ ਭਰਮਾਂ ਦੇ ਵਿਚ ਹੀ ਆਦਮੀ ਪਿਆ ਹੋਇਆ ਚਾਹੇ ਨੇਕ ਹੈ, ਚਾਹੇ ਬਦ ਹੈ, ਚਾਹੇ ਗਿਆਨੀ ਹੈ, ਚਾਹੇ ਅਗਿਆਨੀ ਹੈ, ਭਰਮ ਨਹੀਂ ਟੁੱਟਦੇ। ਮਹਾਰਾਜ ਕਹਿੰਦੇ ਨੇ -

ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥ *ਅੰਗ - ੬੮੪*

ਜਿੰਨਾਂ ਚਿਰ ਆਪਾ ਚੀਨਣ ਦੀ ਜੁਗਤ ਨਹੀਂ ਪੈਂਦੀ ਓਨਾਂ ਚਿਰ ਭਰਮ ਨਹੀਂ ਟੁੱਟਦਾ। ਜਿੰਨਾਂ ਚਿਰ ਭਰਮ ਨਹੀਂ ਟੁੱਟਦਾ ਓਨਾਂ ਚਿਰ ਰੋਗ ਨਹੀਂ ਟੁੱਟਦਾ। ਜਿੰਨਾਂ ਚਿਰ ਰੋਗ ਨਹੀਂ ਟੁੱਟਦਾ ਓਨਾਂ ਚਿਰ ਇਹਦਾ ਜੰਮਣ ਮਰਨਾ ਇਹਦੇ ਗਲ 'ਚੋਂ ਨਹੀਂ ਲਹਿੰਦਾ ਕਿਉਂਕਿ ਰੋਗ ਦਾ ultimate result ਜੰਮਣਾ ਮਰਨਾ ਹੀ ਹੈ -

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਅੰਗ - ੪੬੬

ਬਾਰ-ਬਾਰ ਜੰਮਦਾ ਮਰਦਾ ਰਹਿੰਦਾ ਹੈ ਜਿੰਨਾਂ ਚਿਰ ਪੂਰਨ ਗਿਆਨ ਨਹੀਂ ਹੁੰਦਾ। ਜਦ ਗਿਆਨ ਹੋ ਕੇ ਹਉਮੈ ਦਾ ਨਾਸ਼ ਹੋਏਗਾ, ਓਸ ਵੇਲੇ ਜੰਮਣਾ ਮਰਨਾ ਇਹਦਾ ਖਤਮ ਹੋਇਆ ਕਰਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਇਮਾਨਦਾਰ ਸੀ, ਉਤੋਂ-ਉਤੋਂ ਨਹੀਂ ਸੀ ਕਹਿੰਦਾ ਕਿ ਭਾਈ ਪਤਾ ਨਹੀਂ ਲੱਗਿਆ। ਗੱਲਾਂ ਜਾਣਦਾ ਸਾਰੀਆਂ ਸੀ ਪਰ ਪ੍ਰਤੱਖ ਰੂਪ 'ਚ ਅਜੇ ਪ੍ਰਗਟ ਨਹੀਂ ਸੀ ਹੋਇਆ, ਅਨੁਭਵ ਨਹੀਂ ਸੀ ਖੁਲ੍ਹਿਆ। ਜਾਨਣ ਦੀ ਥਾਂ ਤੇ ਪੂਰੀ ਤਰ੍ਹਾਂ ਜਾਣਦਾ ਸੀ। ਅਖੀਰ ਉਸ ਨੂੰ ਪਤਾ ਲੱਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਦਸਵੇਂ ਥਾਂ ਅੱਜ ਪਾਉਂਟੇ ਸਾਹਿਬ ਵਿਚ ਨਿਵਾਸ ਰਖਦੇ ਨੇ ਤੇ ਬਹੁਤ ਜਗਿਆਸੂ ਜਾ ਕੇ ਮਨੋਕਾਮਨਾ ਪੂਰੀਆਂ ਕਰਦੇ ਹਨ। ਜਿਸ ਤਰ੍ਹਾਂ ਦੀ ਵੀ ਕਿਸੇ ਦੀ ਵਾਸ਼ਨਾ ਹੁੰਦੀ ਹੈ - ਗਿਆਨ ਵਾਲਿਆਂ ਨੂੰ ਗਿਆਨ ਮਿਲਦਾ ਹੈ, ਕਾਮਨਾਵਾਂ ਵਾਲਿਆਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਧਰਮ ਵਾਲੇ ਨੂੰ ਧਰਮ ਮਿਲਦਾ ਹੈ, ਅਰਥ (ਮਾਇਆ) ਵਾਲੇ ਨੂੰ ਅਰਥ ਮਿਲਦਾ ਹੈ, ਹੋਰ ਅਨੇਕਾਂ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ। ਮਨ ਵਿਚ ਫੁਰਨਾ ਬਣਨਾ ਸ਼ੁਰੂ ਹੋ ਗਿਆ ਕਿ ਕੋਈ ਮੌਕਾ ਕੱਢੀਏ ਕਿ ਜਾ ਕੇ ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਹਾਜ਼ਰ ਹੋਵਾਂ ਤੇ ਉਨ੍ਹਾਂ ਕੋਲ ਆਪਣਾ ਦੁੱਖ ਸੱਚ-ਸੱਚ ਦਸ ਦੇਵਾਂ।

ਇਹ ਸੱਚ ਦੱਸਣਾ ਬੜੀ ਔਖੀ ਗੱਲ ਹੈ। ਆਦਮੀ ਆਪ ਤਾਂ ਪੜਦੇ 'ਚ ਰਹਿੰਦਾ ਹੈ, ਗਿਆਨ ਹੋਇਆ ਨਹੀਂ ਹੁੰਦਾ, ਗੱਲ ਸਮਝੀ ਨਹੀਂ ਹੁੰਦੀ, ਅਜੇ ਕੁਝ ਬਣਿਆ ਹੁੰਦਾ ਨਹੀਂ, ਲੇਕਿਨ ਦੁਨੀਆਂ ਨੂੰ ਦਿਖਾਵਾ ਇਹ ਕਰਦਾ ਹੈ ਕਿ ਮੈਂ ਸਭ ਕੁਛ ਜਾਣਦਾ ਹਾਂ। ਲੇਕਿਨ ਅਗਾਹਾਂ ਕੁਛ ਹੈ ਨਹੀਂ। ਉਸ ਤੋਂ ਬਾਅਦ ਗੁਰੂ ਮਹਾਰਾਜ ਕੋਲ ਜਾ ਕੇ ਸੱਚ-ਸੱਚ ਕਹਿਣ ਦਾ ਜਤਨ ਕਰਨ ਦਾ ਇਰਾਦਾ ਬਣਾਉਂਦਾ ਹੈ ਕਿ ਮੈਂ ਕਹਿ ਦੇਣੀ ਹੈ ਗੱਲ ਕਿ ਮਹਾਰਾਜ! ਮੈਂ ਸਭ ਕੁਛ ਕਰਿਆ ਹੈ, ਲੇਕਿਨ ਮੈਨੂੰ ਲੱਭਿਆ ਕੁਛ ਨਹੀਂ - ਹਾਲੇ ਤਾਈਂ। ਮੈਂ ਉਹੋ ਜਿਹਾ ਹੀ ਕੋਰੇ ਦਾ ਕੋਰਾ ਹਾਂ। ਠੀਕ ਹੈ ਮੇਰੇ ਜੀਵਨ 'ਚ ਫਰਕ ਪੈ ਗਿਆ, ਉਹ ਬੁਰਿਆਈਆਂ ਮੇਰੇ ਵਿਚ ਨਹੀਂ ਰਹੀਆਂ - ਨਿੰਦਿਆ, ਚੁਗਲੀ, ਈਰਖਾ, ਬਖੀਲੀ ਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ, ਪਰ ਪਾਤਸ਼ਾਹ! ਮੈਨੂੰ ਉਹ ਲੱਭਿਆ ਨਹੀਂ ਜੋ ਕੁਛ ਗੁਰੂ, ਧਾਰਮਿਕ ਗ੍ਰੰਥ ਕਹਿੰਦੇ ਨੇ।

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥ *ਅੰਗ - ੮੭*

ਅਜੇ ਤਾਂ ਮੇਰੇ ਅੰਦਰ ਘੋਰ ਅੰਧਾਰ ਪਿਆ ਹੈ ਪਾਤਸ਼ਾਹ! ਉਹ ਹਨ੍ਹੇਰਾ ਦੂਰ ਨਹੀਂ ਹੋਇਆ। ਕਿਉਂਕਿ ਅਸੀਂ ਘੋਰ ਹਨ੍ਹੇਰੇ 'ਚ ਰਹਿਨੇ ਹਾਂ, ਅਸੀਂ ਆਦੀ ਹੋ ਗਏ ਏਸ ਹਨ੍ਹੇਰੇ ਦੇ। ਸਾਨੂੰ ਪਤਾ ਹੀ ਨਹੀਂ ਕਿ ਪ੍ਰਕਾਸ਼ ਹੁੰਦਾ ਹੈ। ਅੰਨ੍ਹੇ ਨੂੰ ਕੀ ਪਤਾ ਹੈ ਕਿ ਜੋਤ ਕੀ ਹੁੰਦੀ ਹੈ - ਅੱਖਾਂ ਦੀ। ਉਹਦੇ ਭਾਅ ਦਾ ਤਾਂ ਏਵੇਂ ਹੈ ਕਿ ਏਸੇ ਤਰ੍ਹਾਂ ਦਾ ਹੀ ਹੁੰਦਾ ਹੈ ਸੰਸਾਰ। ਨਾ ਉਹਨੂੰ ਸਮਝਾ ਸਕਦੇ ਹਾਂ ਕਿ ਨਿਗ੍ਹਾ ਕੀ ਹੁੰਦੀ ਹੈ। ਕਦੇ ਸਮਝਾ ਕੇ ਦੇਖੋ ਜਿਹਦੇ ਅੱਖਾਂ ਨਹੀਂ ਹੈਗੀਆਂ ਕਿ ਸਾਨੂੰ ਦਿਸਦਾ ਹੈ। ਉਹ ਕਹੇਗਾ ਕਿ 'ਦਿਸਦਾ' ਕੀ ਹੁੰਦਾ ਹੈ? ਅਸੀਂ ਕਹਾਂਗੇ ਕਿ ਅਸੀਂ ਉਹ ਦੇਖ ਸਕਦੇ ਹਾਂ - ਦਰਖਤਾਂ ਦੇ ਹਰੇ ਰੰਗ, ਗੁਲਾਬੀ ਰੰਗ, ਪੀਲੇ ਫੁੱਲ। ਉਹ ਕਹੇਗਾ ਕਿ ਇਹ ਕੀ ਬੋਲੀਆਂ ਤੂੰ ਬੋਲੀ ਜਾਂਦਾ ਹੈਂ। ਤੁਸੀਂ ਸਮਝਾ

ਕੇ ਦਿਖਾ ਦਿਓ ਕੋਈ ਬੰਦਾ। ਕੋਈ ਦੁਨੀਆਂ 'ਚ ਨਹੀਂ ਹੈ ਜਿਹੜਾ ਨੇਤਰਹੀਣ ਨੂੰ ਜੋਤੀ ਦੀ ਗੱਲ ਸਮਝਾ ਦੇਵੇ। ਏਸੇ ਤਰ੍ਹਾਂ ਦੇ ਨਾਲ ਸੰਸਾਰ ਜਿਹੜਾ ਹੈ ਅੰਧ ਗਹੇਰ ਦੇ ਵਿਚ ਪਿਆ ਹੋਇਆ ਹੈ, ਅੰਧ ਗੁਬਾਰ 'ਚ ਪਿਆ ਹੋਇਆ ਹੈ। ਇਹ ਗੱਲ ਇਸ ਦੇ ਸਮਝ 'ਚ ਨਹੀਂ ਆਉਂਦੀ ਕਿ ਗੱਲ ਕੀ ਕਹੀ ਜਾਂਦੇ ਨੇ - ਗੁਰੂ ਸਾਹਿਬ। ਜਿਵੇਂ ਦਿਨ ਦੇ ਵੇਲੇ ਜਦੋਂ ਸੂਰਜ ਚੜ੍ਹ ਜਾਂਦਾ ਹੈ ਤੇ ਰੈਣ ਦਾ ਖਾਤਮਾ ਹੋ ਜਾਂਦਾ ਹੈ ਕਿ ਐਹੋ ਜਿਹੀ ਵੀ ਕੋਈ ਗੱਲ ਹੈ? ਜੇ ਸਾਡੇ ਮਨ ਵਿਚ ਆ ਜਾਵੇ, ਸਮਝ ਲਈਏ ਫੇਰ ਅਸੀਂ ਉਦਮ ਕਰਨਾ ਸ਼ੁਰੂ ਕਰ ਦੇਈਏ। ਅਸੀਂ ਸੰਤੁਸ਼ਟ ਹਾਂ, ਜਿਥੇ ਪਏ ਹਾਂ, ਜਿਥੇ ਸੁੱਟ ਦਿਤੇ ਉਥੇ ਹੀ ਠੀਕ ਹਾਂ ਕਿ ਮੈਂ ਤਾਂ ਬਣ ਗਿਆ ਜਿਹੜਾ ਕੁਛ ਬਣਨਾ ਸੀ, ਇਸ ਤੋਂ ਅਗਾਹਾਂ ਤਾਂ ਕੁਛ ਹੁੰਦਾ ਹੀ ਨਹੀਂ ਕਿਉਂਕਿ ਇਮਾਨਦਾਰ ਨਹੀਂ ਅਸੀਂ। ਸਾਨੂੰ ਗਿਆਨ ਨਹੀਂ, ਸਾਡੇ ਮਨ 'ਚ ਉਤਸ਼ਾਹ ਨਹੀਂ ਹੈ। ਜਿਥੇ ਕੁ ਕਿਸੇ ਨੇ ਲਿਜਾ ਕੇ ਖੜ੍ਹੇ ਕਰ ਦਿਤੇ ਉਥੇ ਹੀ ਖੜ੍ਹੇ ਰਹਿਨੇ ਹਾਂ ਕਿ ਆਹੀ ਠੀਕ ਹੈ ਇਸ ਤੋਂ ਅੱਗੇ ਤਾਂ ਕੁਛ ਹੈ ਹੀ ਨਹੀਂ। ਆਪਣੇ ਆਪ ਨੂੰ ਪੂਰਨ ਸਮਝਣ ਲਗ ਗਏ।

ਉਹਨੇ ਕਿਹਾ ਮੈਂ ਗੁਰੂ ਮਹਾਰਾਜ ਕੋਲ ਜਾ ਕੇ ਸੱਚ-ਸੱਚ ਕਹਿ ਦੇਣਾ ਹੈ ਕਿ ਪਾਤਸ਼ਾਹ! ਬਰਕਤਾਂ ਹੈਗੀਆਂ, ਰਿੱਧੀਆਂ-ਸਿੱਧੀਆਂ ਪਿਛੇ ਲੱਗੀਆਂ ਫਿਰਦੀਆਂ ਨੇ, ਰਿੱਧੀਆਂ ਕਰਕੇ, ਪੱਕੀਆਂ ਪਕਾਈਆਂ ਆਉਂਦੀਆਂ ਨੇ। ਬਗੈਰ ਪ੍ਰੇਰਨਾ ਤੋਂ ਧਨ ਆਉਂਦਾ ਹੈ। ਲੇਕਿਨ ਅਜੇ ਤਕ ਮੈਨੂੰ ਤਾਂ ਕੁਛ ਨਹੀਂ ਪਤਾ ਨਹੀਂ ਲੱਗਿਆ। ਮੁਰੀਦ ਨਾਲ ਲੈ ਲਏ, ਪਾਉਂਟੇ ਸਾਹਿਬ ਨੂੰ ਚੱਲ ਪਿਆ। ਦੂਰੋਂ ਦੇਖਿਆ ਗੁਰੂ ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਹੋ ਰਿਹਾ ਹੈ ਤੇ ਦਰਜੇ-ਬ-ਦਰਜੇ ਸਾਰੇ ਬੜੇ ਅਨੁਸ਼ਾਸਨ ਦੇ ਵਿਚ ਸੰਗਤ ਦੇ ਦਰਸ਼ਨ ਹੋ ਰਹੇ ਨੇ। ਓਸ ਵੇਲੇ ਮਨ 'ਚ ਖਿਆਲ ਆਇਆ ਕਿ ਮੈਂ ਤਾਂ ਜਾ ਕੇ ਗੁਰੂ ਮਹਾਰਾਜ ਦੇ ਚਰਨ ਫੜ ਲੈਣੇ ਨੇ। ਜਦ ਤਾਈਂ ਮੇਰੇ ਅੰਦਰ ਪ੍ਰਕਾਸ਼ ਨਹੀਂ ਕਰਨਗੇ, ਮੈਂ ਛੱਡਣੇ ਨਹੀਂ। ਹੋਰ ਅੱਗੇ ਚਲਿਆ ਗਿਆ। ਆਲੇ-ਦੁਆਲੇ ਦੇਖਿਆ, ਨੇੜੇ ਜਾ ਕੇ ਦੇਖਿਆ ਕਿ ਇਨ੍ਹਾਂ ਦੀ ਤਾਂ ਉਮਰ ਅਜੇ 20-22 ਸਾਲ ਹੈ। ਨੌਜੁਆਨ ਨੇ, ਦਾੜ੍ਹੀ ਅਜੇ ਕੱਕੀ ਹੈ, ਛੋਟੀ-ਛੋਟੀ, ਉਂਗਲ-ਉਂਗਲ ਆਈ ਹੈ ਕਿ ਐਹ ਬੱਚੇ ਦੇ ਚਰਨੀਂ ਜਦ ਮੈਂ ਲੱਗਿਆ, ਉਹ ਗੁਰੂ ਅੱਖਾਂ ਤੋਂ ਓਝਲ ਹੋ ਗਿਆ। 'ਅਹੰ' ਰੋਗ ਨੇ ਗੁਰੂ ਨੂੰ ਪਾਸੇ ਕਰ ਦਿਤਾ। ਓਹਦੀ ਥਾਂ ਤੇ ਇਕ ਨੌਜੁਆਨ ਬੱਚਾ ਸਾਹਮਣੇ ਆ ਗਿਆ ਜਿਹੜਾ ਕਿਸੇ ਗੱਦੀ ਦਾ ਮਾਲਕ ਹੈ। ਆਪ ਵੀ ਗੱਦੀ ਦਾ ਮਾਲਕ ਹੈ, ਤੁਲਨਾ ਕਰਨੀ ਸ਼ੁਰੂ ਕਰ ਦਿਤੀ ਕਿ ਮੈਂ ਵੀ ਗੱਦੀ ਦਾ ਮਾਲਕ ਇਹ ਵੀ ਗੱਦੀ ਦਾ ਮਾਲਕ। ਇਹਦੇ ਵੀ ਚੇਲੇ, ਇਹਦੇ ਜ਼ਰਾ ਜ਼ਿਆਦਾ ਮੁਰੀਦ ਨੇ ਮੇਰੇ ਥੋੜ੍ਹੇ ਘੱਟ ਹੋਣੇ ਨੇ ਮੁਰੀਦ। ਫੇਰ ਮੇਰੀ ਉਮਰ ਵੱਡੀ ਹੈ, ਇਹਦੀ ਉਮਰ ਛੋਟੀ ਹੈ। ਜੇ ਮੈਂ ਇਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ ਤੇ ਮੈਂ ਸਾਫ-ਸਾਫ ਗੱਲ ਕਹਿ ਦਿਤੀ ਤਾਂ ਮੇਰੇ ਮੁਰੀਦ ਜਿਹੜੇ ਹਜ਼ਾਰਾਂ ਦੀ ਤਦਾਦ 'ਚ ਨੇ, ਉਹ ਕੀ ਕਹਿਣਗੇ ਕਿ ਸਾਡਾ ਮੁਰਸ਼ਦ ਅਜੇ ਤਾਂਈ ਅੰਨ੍ਹਾ ਹੀ ਸੀਗਾ, ਇਹਨੂੰ ਪਤਾ ਹੀ ਨਹੀਂ ਲੱਗਿਆ? ਨੇੜੇ ਚਲਿਆ ਗਿਆ, ਭਾਵਨਾ ਬਦਲ ਗਈ। ਜਾ ਕੇ ਝੁਕਿਆ ਨਹੀਂ, ਦੋਏ ਹੱਥ ਬੰਨ੍ਹ ਕੇ ਉਸ ਨੇ ਆਦਰ ਵਜਾਇਆ, ਅੱਗੇ ਹੱਥ ਕੱਢ ਦਿਤਾ - ਦਸਤਪੰਜਾ ਲੈਣ ਵਾਸਤੇ। ਗੁਰੂ ਮਹਾਰਾਜ ਜੀ ਨੇ ਵੀ ਹੱਥ ਕੱਢਿਆ ਤੇ ਬਿਠਾਲ ਲਿਆ ਤੇ ਕਹਿਣ ਲੱਗੇ ਪੀਰ ਜੀ! ਬੈਠੋ, ਦੱਸੋ। ਕਿਸ ਤਰ੍ਹਾਂ ਦੇ ਨਾਲ ਆਪ ਦਾ ਐਥੇ ਆਉਣਾ ਹੋਇਆ, ਧੰਨ ਭਾਗ ਤੁਸੀਂ ਸੰਗਤਾਂ ਨੂੰ ਦਰਸ਼ਨ ਦਿਤੇ। ਬੜੀ ਨਿਮਰਤਾ ਤੇ ਪਿਆਰ ਦੇ ਵਾਕ ਜਿਸ ਵਕਤ ਸਰਵਣ ਕੀਤੇ, ਓਸ ਵੇਲੇ ਕਹਿਣ ਲੱਗਿਆ, ਗੁਰੂ ਜੀ! ਮੈਂ ਤਾਂ ਇਕ ਗੱਲ ਵਾਸਤੇ ਆਇਆ ਹਾਂ ਕਿ ਮੈਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਹੋ ਰਿਹਾ। ਮੈਂ ਇਹ ਗੱਲ ਪੁੱਛਣ ਵਾਸਤੇ ਆਇਆ ਹਾਂ ਕਿ ਖੁਦਾ ਤੇ ਰੂਹ ਦਾ ਮੇਲ ਕਿਸ ਤਰ੍ਹਾਂ ਹੋਣਾ ਹੈ?" ਗੁਰੂ ਮਹਾਰਾਜ ਜੀ ਨੇ ਕਿਹਾ, "ਪੀਰ ਜੀ! ਇਹ ਤਾਂ ਗੱਲ ਹੀ ਸਿੱਧੀ ਹੈ ਜਿਵੇਂ ਰਾਤ ਦਾ ਤੇ ਦਿਨ ਦਾ ਮੇਲ ਹੁੰਦਾ ਹੈ ਐਸੇ ਤਰ੍ਹਾਂ ਹੀ ਹੁੰਦਾ ਹੈ।" ਐਨਾ ਬਚਨ ਕਹਿ ਕੇ ਗੁਰੂ ਸਾਹਿਬ ਵੀ ਚੁਪ ਕਰ ਗਏ। ਕਿਉਂਕਿ ਉਹਨੇ ਵੀ ਛੋਟੀ ਜਿਹੀ ਗੱਲ ਪੁੱਛੀ ਸੀ। ਸੋਚਦਾ ਰਿਹਾ, ਸੋਚਦਾ ਰਿਹਾ, ਜਦ ਪੰਜ ਸੱਤ ਮਿੰਟ ਲੰਘ ਗਏ, ਆਲੇ-ਦੁਆਲੇ ਦੇਖਿਆ ਤੇ ਮਨ ਵਿਚ ਵਿਚਾਰ ਕਰੀ ਕਿ ਮਨਾ! ਤੂੰ ਤਾਂ ਆਇਆ ਹੀ ਇਹ ਗੱਲ ਪੁੱਛਣ ਵਾਸਤੇ ਹੈਂ, ਤੂੰ ਪੁੱਛਦਾ ਕਿਉਂ ਨਹੀਂ, ਕਾਹਦੀ ਸ਼ਰਮ ਪੈ ਗਈ ਤੈਨੂੰ ਕਿ ਮੁਰੀਦ ਕਹਿਣਗੇ ਸਾਡੇ ਪੀਰ ਨੂੰ ਗੱਲ ਸਮਝ 'ਚ ਨਹੀਂ ਆਈ? ਸਾਰੇ ਸਮਝ ਗਏ ਕਿ ਜਿਵੇਂ ਦਿਨ ਤੇ ਰਾਤ ਦਾ ਮੇਲ ਹੁੰਦਾ ਹੈ ਐਸੇ ਤਰ੍ਹਾਂ ਰੂਹ ਤੇ ਰੱਬ ਦਾ ਮੇਲ ਹੁੰਦਾ ਹੈ। ਉਸ ਵੇਲੇ ਹਿੰਮਤ ਧਾਰੀ, ਕਹਿਣ ਲੱਗਿਆ, "ਮਹਾਰਾਜ! ਸਮਝ 'ਚ ਨਹੀਂ ਆਈ ਗੱਲ। ਅੰਦਰ ਖਿਆਲ ਕਰਦਾ ਹੈ ਕਿ ਦਿਨ ਆਉਂਦਾ ਹੈ, ਰਾਤ ਨਹੀਂ ਰਹਿੰਦੀ, ਇਹ ਮੇਲ ਤਾਂ ਹੋਇਆ ਹੀ ਨਾ।

ਰੂਹ ਕਿਵੇਂ ਮਿਲ ਜਾਏਗੀ? ਦੋ ਦੇ ਵਿਚ ਦੇਖਦਾ ਹੈ। ਮਹਾਰਾਜ ਜੀ ਨੂੰ ਕਹਿਣ ਲੱਗਿਆ ਕਿ ਮਹਾਰਾਜ! ਕਿਸ ਤਰ੍ਹਾਂ ਦੇ ਨਾਲ? ਮਹਾਰਾਜ ਕਹਿੰਦੇ, "ਜਿਵੇਂ ਤੂੰ ਸਮਝਿਆ।" ਹੁਣ ਕਹਿਣ ਪਿਆ ਕਿ ਮਹਾਰਾਜ ਖੋਲ੍ਹ ਕੇ ਦੱਸੋ। ਮਹਾਰਾਜ ਕਹਿੰਦੇ, "ਖੋਲ੍ਹ ਕੇ ਕੀ ਦੱਸਣਾ ਹੈ, ਜਿਵੇਂ ਝੂਠ ਤੇ ਸੱਚ ਦਾ ਮੇਲ ਹੁੰਦਾ ਹੈ ਐਸ ਤਰ੍ਹਾਂ ਰੂਹ ਤੇ ਪ੍ਰਭੂ ਦਾ ਮੇਲ ਹੁੰਦਾ ਹੈ।" ਗੱਲ ਫੇਰ ਵੀ ਸਮਝ 'ਚ ਨਾ ਆਈ ਕਿ ਸੱਚ ਤੇ ਝੂਠ ਤਾਂ ਅਜੇ ਤੱਕ ਮਿਲਿਆ ਹੀ ਨਹੀਂ ਹੈ ਕਦੇ। ਜੇ ਸੱਚ ਆ ਜਾਵੇ, ਝੂਠ ਤਾਂ ਕਹਿੰਦੇ ਨੇ ਜਿਹੜਾ ਹੋਵੇ ਨਾ। ਸੱਚ ਤੇ ਝੂਠ ਦਾ ਮੇਲ ਕਿਸ ਤਰ੍ਹਾਂ ਹੋ ਸਕਦਾ ਹੈ, ਦੋ ਕਿਵੇਂ ਇਕੱਠੇ ਚਲ ਸਕਦੇ ਨੇ - ਇਕ ਥਾਂ ਦੇ ਉਤੇ, ਸੱਚ ਵੀ ਹੋਵੇ ਤੇ ਨਾਲ ਝੂਠ ਵੀ ਹੋਵੇ, ਦਿਨ ਵੀ ਹੋਵੇ ਤੇ ਨਾਲ ਰਾਤ ਵੀ ਹੋਵੇ? ਉਸ ਵੇਲੇ ਮਹਾਰਾਜ ਨੂੰ ਕਹਿਣ ਲੱਗਿਆ, "ਪਾਤਸ਼ਾਹ! ਅਜੇ ਵੀ ਗੱਲ ਮੇਰੇ ਸਮਝ 'ਚ ਨਹੀਂ ਆਈ, ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ, "ਝੂਠ ਛੱਡ ਦੇ ਭਾਈ! ਸੱਚ ਰਹਿ ਜਾਏਗਾ। ਝੂਠ ਛੱਡ ਦੇ, ਤੂੰ ਹੈ ਨਹੀਂ, ਤੂੰ ਕਿਉਂ ਬਣਿਆ ਹੈਂ 'ਮੈਂ।' ਤੈਨੂੰ ਅਹੰ ਰੋਗ ਲੱਗਿਆ ਹੋਇਆ ਹੈ, ਅਹੰ ਰੋਗ ਛੱਡ ਦੇ।" ਕਹਿੰਦਾ, ਮਹਾਰਾਜ! ਛੱਡਿਆ ਨਹੀਂ ਜਾਂਦਾ। ਇਹਦੇ ਛੱਡਣ ਵਾਸਤੇ ਮੈਂ ਬੜੇ ਜਪ, ਤਪ, ਕੀਤੇ, ਬੜੇ ਚਿਲੇ ਕੱਟੇ, ਬੜੇ ਸਾਧਨ ਕਰੇ, ਬੜੇ ਪਾਠ ਕਰੇ, ਮੱਕੇ ਵੀ ਜਾਂਦਾ ਰਿਹਾ, ਬੜਾ ਦਾਨ ਵੀ ਕੀਤਾ। ਹਿੰਦੂਆਂ, ਮੁਸਲਮਾਨਾਂ ਨੂੰ ਇਕ ਨਿਗ੍ਹਾ ਨਾਲ ਦੇਖਿਆ, ਲੰਗਰ ਚਲਾਏ। ਹੋਰ ਜੋ ਵੀ ਨੇਕ ਕੰਮ ਸੀ ਸਾਰੇ ਕੀਤੇ ਪਰ ਇਹ ਤਾਂ ਪਾਤਸ਼ਾਹ ਜਾਂਦਾ ਨਹੀਂ ਹੈ। ਮਹਾਰਾਜ ਕਹਿੰਦੇ, "ਆਹੀ ਤਾਂ ਤੂੰ ਸੰਗਲ ਬੰਨ੍ਹਣ ਲੱਗਿਆ ਹੋਇਆ ਹੈਂ ਕਿ ਮੈਂ ਤਪ ਕੀਤੇ, ਮੈਂ ਜਪ ਕੀਤੇ, ਮੈਂ ਆਹ ਕਰਿਆ - ਮੈਂ ਆਹ ਕਰਿਆ, ਮੈਂ ਚੰਗਾ ਹਾਂ, ਮੇਰੇ ਮੁਰੀਦ ਮਾੜੇ ਨੇ।" ਮਹਾਰਾਜ ਜੀ ਨੇ ਕਿਹਾ ਕਿ ਤੂੰ ਸਤਿਸੰਗ 'ਚ ਆ। ਕਹਿੰਦਾ, "ਸਤਿਸੰਗ 'ਚ ਤਾਂ ਮੈਂ ਆ ਗਿਆ।" ਮਹਾਰਾਜ ਕਹਿੰਦੇ ਝੂਠ ਦਾ ਚੋਲਾ ਪਹਿਨ ਕੇ ਆਇਆ ਹੈਂ। ਤੂੰ ਸਤਿਸੰਗ 'ਚ ਨਹੀਂ ਆਇਆ। ਜੋ ਸਤਿਸੰਗ ਦੀ ਵਿਧੀ ਹੈ - ਸਤਿਸੰਗ ਦੇ ਵਿਚ ਆਦਮੀ ਪੂਰਨ ਨਿਮਰਤਾ ਦੇ ਨਾਲ ਖਾਲੀ ਹੋ ਕੇ, ਸਾਰੀ ਸੰਗਤ ਨਾਲੋਂ ਆਪਣੇ ਆਪ ਨੂੰ ਘਟੀਆ ਮੰਨ ਕੇ ਆਵੇ ਕਿ ਮੈਂ ਸਾਰਿਆਂ ਤੋਂ ਅਣਜਾਣ ਹਾਂ। ਐਂ ਤਾਂ ਸਾਰੇ ਹੀ ਪ੍ਰੇਮੀ ਨੇ, ਅੰਮ੍ਰਿਤ ਵੇਲੇ ਦੇ ਬੈਠੇ ਨੇ, ਜਾਗ ਰਹੇ ਨੇ, ਹਰੀ ਦਾ ਜਸ ਕਰ ਰਹੇ ਨੇ। ਇਹ ਗੱਲ ਸੋਚੇ ਕਿ ਮੈਂ ਤਾਂ ਬੜਾ ਸੁਸਤ ਹਾਂ, ਮੈਂ ਤਾਂ ਬੜਾ ਲੇਟ ਆਉਂਦਾ ਹਾਂ। ਮਹਾਰਾਜ ਕਹਿੰਦੇ ਨੇ ਕਿ ਜੇ ਖਾਲੀ ਹੋ ਕੇ ਆਵੇ ਤਾਂ ਠੀਕ ਹੈ। ਤੂੰ ਕਿਵੇਂ ਆਇਆ ਹੈਂ ਭਾਈ! ਝੂਠ ਦਾ ਚੋਲਾ ਪਹਿਨ ਕੇ ਕਿ ਮੇਰੇ ਨਾਲ ਮੁਰੀਦ ਨੇ? ਜੇ ਮੈਂ ਚਰਨਾਂ ਨੂੰ ਹੱਥ ਲਾ ਦਿਤਾ ਤਾਂ ਮੁਰੀਦ ਕੀ ਕਹਿਣਗੇ, ਮੇਰੇ ਮੁਰੀਦਾਂ ਦੇ ਵਿਚ ਸ਼ਰਧਾ ਜਾਂਦੀ ਰਹੇਗੀ? ਗੁਰੂ ਦੀ ਉਮਰ ਛੋਟੀ ਹੈ, ਮੇਰੀ ਉਮਰ ਵੱਡੀ ਹੈ। ਤੂੰ ਤਾਂ ਝੂਠ ਦਾ ਚੋਲਾ ਪਹਿਨ ਕੇ ਆਇਆ ਹੈਂ, ਝੂਠ ਦੇ ਚੋਲੇ ਨਾਲ ਨਹੀਂ ਪ੍ਰੇਮੀਆਂ ਗੱਲ ਬਣਦੀ; ਝੂਠ ਨੂੰ ਛੱਡ ਦੇ। ਕਹਿਣ ਲੱਗਿਆ, "ਮਹਾਰਾਜ! ਛੱਡ ਨਹੀਂ ਹੁੰਦਾ, ਕ੍ਰਿਪਾ ਕਰੋ ਆਪ, ਕਿਸ ਤਰੀਕੇ ਦੇ ਨਾਲ ਇਹ ਝੂਠ ਛੱਡਿਆ ਜਾਵੇ?"

ਕਿਵ ਸਚਿਆਰਾ
ਹੋਈਐ ਕਿਵ ਕੂੜੈ ਤੁਟੈ ਪਾਲਿ ॥ *ਅੰਗ - ੧*

ਕਿਵੇਂ ਸਚਿਆਰੇ ਹੋਈਏ, ਕਿਵੇਂ ਕੂੜ ਦੀ ਕੰਧ ਟੁੱਟੇ? ਮਹਾਰਾਜ ਨੇ ਕਿਹਾ, "ਸੁਖਾਲਾ ਹੀ ਹੈ ਬੁੱਧੂਸ਼ਾਹ-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥
ਅੰਗ - ੧

ਹੁਕਮ 'ਚ ਆ ਜਾ। ਆਹ ਜਿੰਨੇ ਤੂੰ ਕਾਰੋਬਾਰ ਸਾਡੇ ਦੇਖਦਾ ਹੈਂ, ਯੁੱਧ ਵਾਸਤੇ ਸ਼ਸਤਰ ਤਿਆਰ ਹੋ ਰਹੇ ਨੇ, ਸੂਰਮੇਂ ਪਰੇਡਾਂ ਕਰਦੇ ਨੇ, ਮਸ਼ਕਾਂ ਕਰਦੇ ਨੇ, ਲਿਖਾਰੀ ਜਿਹੜੇ ਨੇ, 102 ਲਿਖਾਰੀ ਜਿਹੜੇ ਬੈਠੇ ਹੋਏ ਨੇ ਕਵਿਤਾ ਉਚਾਰਦੇ ਨੇ, ਕੁਛ ਲਿਖ ਰਹੇ ਨੇ; ਇਹ ਅਸੀਂ ਕੁਛ ਵੀ ਨਹੀਂ ਕਰ ਰਹੇ, ਸਾਡਾ ਕਿਸੇ ਚੀਜ਼ ਨਾਲ ਲਗਾਓ ਨਹੀਂ ਹੈ। ਇਹ ਜੋ ਕੁਛ ਹੋ ਰਿਹਾ ਹੈ, ਹੁਕਮ 'ਚ ਹੋ ਰਿਹਾ ਹੈ। ਅਸੀਂ ਤਾਂ ਦੇਖ ਰਹੇ ਹਾਂ ਦ੍ਰਿਸ਼ਟਾ ਰੂਪ ਦੇ ਅੰਦਰ ਕਿ ਕੀ ਹੋ ਰਿਹਾ ਹੈ। ਐਨੀ ਗੱਲ ਜਦੋਂ ਸਮਝਾਈ ਉਸੇ ਵੇਲੇ ਤੜੱਕ ਦੇ ਕੇ ਅਵਸਥਾ ਦੇ ਵਿਚ ਆ ਗਿਆ, ਨੱਚਣਾ ਸ਼ੁਰੂ ਕਰ ਦਿਤਾ। ਨਚਦਾ ਹੈ ਬਜਦ 'ਚ ਆਇਆ ਹੋਇਆ, ਪੈਰ ਨਹੀਂ ਲਗਦਾ ਧਰਤੀ 'ਤੇ, ਝੂਠ ਉਡ ਗਿਆ ਉਸੇ ਵੇਲੇ। ਸੱਚ ਦਾ ਪ੍ਰਕਾਸ਼ ਹੋ ਗਿਆ। ਨੱਚਦਾ-ਨੱਚਦਾ ਗੁਰੂ ਮਹਾਰਾਜ ਦੇ ਚਰਨਾਂ 'ਤੇ ਆ ਕੇ ਢਹਿ ਪਿਆ, ਫੇਰ ਚਰਨ ਫੜ ਲਏ। ਮਹਾਰਾਜ ਨੇ ਉਸ ਵੇਲੇ ਉਸ ਦਾ ਹੱਥ ਘੁੱਟ ਦਿਤਾ ਤੇ ਸਪਰਸ਼ ਕਰਨ ਦੀ ਦੇਰ ਸੀ ਉਸੇ ਵੇਲੇ ਜਿਹੜਾ ਅਗਿਆਨ ਸੀ ਓਹਦਾ ਕਾਲਾ ਬੱਦਲ ਉਡ ਗਿਆ ਤੇ ਅੰਦਰ ਪ੍ਰਕਾਸ਼ ਹੀ ਪ੍ਰਕਾਸ਼ ਹੋ ਕੇ, ਕੀ ਦੇਖਦਾ ਹੈ ਕਿ ਐਥੇ ਤਾਂ ਕੋਈ ਹੈ ਹੀ ਨਹੀਂ। ਆਪੇ ਹੀ ਪ੍ਰਮੇਸ਼ਰ ਹੈ ਦੂਜਾ ਤਾਂ ਐਥੇ ਹੈ ਹੀ ਨਹੀਂ -

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - ੧੨੯੧

ਦ੍ਵੈਤ ਖਤਮ ਹੋ ਗਈ, ਝੂਠ ਖਤਮ ਹੋ ਗਿਆ। ਝੂਠ ਖਤਮ ਹੋਣ ਦੇ ਨਾਲ ਅਹੰ ਰੋਗ ਖਤਮ ਹੋ ਗਿਆ। ਸੋ ਅਹੰ ਰੋਗ ਜਿਹੜਾ ਮਹਾਰਾਜ ਨੇ ਹੁਣੇ ਫੁਰਮਾਨ ਕੀਤਾ ਹੈ - ਪੰਜ ਦੋਖ ਤੇ ਅਹੰ ਰੋਗ; ਪੰਜ ਦੋਖ ਲੱਗੇ ਹੋਏ ਨੇ ਆਦਮੀ ਨੂੰ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਖਹਿੜਾ ਹੀ ਨਹੀਂ ਛਡਦੇ ਆਦਮੀ ਦਾ। ਅਹੰ ਰੋਗ ਸਾਰੀ ਸ੍ਰਿਸ਼ਟੀ ਨੂੰ ਲੱਗਿਆ ਹੋਇਆ ਹੈ। ਸਤਿਗੁਰੂ ਪੂਰਾ ਮਿਲ ਗਿਆ। ਪੂਰੇ ਸਤਿਗੁਰੂ ਨੇ ਅਹੰ ਰੋਗ ਤੋਂ ਸਾਨੂੰ ਕੱਢ ਲਿਆ, ਕੱਢ ਕੇ ਕੀ ਹੋਇਆ? 'ਮੈਂ' ਮਰ ਗਿਆ, 'ਮੈਂ ਰਿਹਾ ਹੀ ਨਾ।

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥
ਅੰਗ - ੧੩੭੫

ਜਦ ਮੇਰਾ, ਆਪਾ ਤੇ ਪਰ ਕਾ ਮਿਟ ਗਿਆ ਤਾਂ 'ਮੈਂ' ਕੀ ਦੇਖਦਾ ਹੈ ਕਿ ਐਥੇ ਤਾਂ ਤੂੰ ਹੀ ਤੂੰ ਹੈ, 'ਮੈਂ' ਪਤਾ ਨਹੀਂ ਕਿਧਰ ਚਲਿਆ ਗਿਆ। ਆਹ ਸੰਸਾਰ ਕਿਥੇ ਚਲਿਆ ਗਿਆ, ਜੋ ਥੋੜ੍ਹੀ ਦੇਰ ਪਹਿਲਾਂ ਮੈਨੂੰ ਸੰਸਾਰ ਨਜ਼ਰ ਆਉਂਦਾ ਸੀ? ਮੈਂ ਦੇਖਦਾ ਸੀ ਇਹਦੇ ਵਿਚ ਚੰਗੇ ਬੰਦੇ ਨੇ, ਮਾੜੇ ਬੰਦੇ ਨੇ, ਮਾੜੇ ਕੰਮ ਕਰਨ ਵਾਲੇ ਬੰਦੇ ਨੇ, ਚੰਗੇ ਕਰਮ ਕਰਨ ਵਾਲੇ ਬੰਦੇ ਨੇ, ਇਹ ਮੇਰੀ ਤਰਫ ਦੇ ਬੰਦੇ ਨੇ, ਮੇਰੇ ਤੋਂ ਵਿਪਰੀਤ ਬੰਦੇ ਨੇ, ਦੁੱਖ ਦੇਣ ਵਾਲੇ ਬੰਦੇ ਨੇ, ਸੁਖ ਦੇਣ ਵਾਲੇ ਬੰਦੇ ਨੇ। ਹੇ ਵਾਹਿਗੁਰੂ! ਆਹ ਸੰਸਾਰ ਗਿਆ ਕਿਥੇ?

ਕਹਿੰਦੇ, "ਕੀ ਹੋ ਗਿਆ ਤੈਨੂੰ?"

ਕਹਿੰਦੇ, "ਮੇਰੇ ਨੇਤਰਾਂ ਨੂੰ ਕੋਈ ਫਰਕ ਪੈ ਗਿਆ।"

"ਕੀ ਪੈ ਗਿਆ?"

ਕਹਿੰਦੇ, ਮੈਂ ਸੰਸਾਰ ਨੂੰ ਦੇਖ ਰਿਹਾ ਸੀ ਪਰ ਆਹ ਕੀ ਹੋ ਗਿਆ, ਜੋਤੀ ਕਿਥੋਂ ਆ ਗਈ ਇਹ ਤਾਂ ਹੋਰ ਹੀ ਪ੍ਰਕਾਸ਼ ਦਿਸਣ ਲਗ ਗਿਆ -

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ ॥ ਅੰਗ - ੯੨੨

ਹੇ ਪ੍ਰਭੂ! ਇਹ ਕੀ ਹੋ ਗਿਆ? ਇਹ ਸੰਸਾਰ ਕਿਥੇ ਚਲਿਆ ਗਿਆ? ਮਾੜੇ ਕਿਥੇ ਚਲੇ ਗਏ, ਚੰਗੇ ਕਿਥੇ ਚਲੇ ਗਏ? ਇਹ ਤੂੰ ਹੀ ਖੇਲ੍ਹ ਕਰਦਾ ਸੀ -

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ

ਖੇਲ੍ਹਦਾ ਸੀ ਤੂੰ ਚੰਗੇ ਮੰਦੇ ਬਣ ਕੇ ਤੇ ਇਹ ਖੇਲ੍ਹ ਖਤਮ ਹੋ ਕੇ ਮੈਨੂੰ ਦੋਵੇਂ ਪਾਸੇ ਦਿਸ ਗਏ। ਪਹਿਲਾ ਵੀ ਦਿਸ ਗਿਆ ਜਦੋਂ ਤੂੰ ਆਪੇ ਆਪ ਸੀ। ਫੇਰ ਵੀ ਮੈਨੂੰ ਦਿਸ ਗਿਆ ਜਿਸ ਵਕਤ ਆਪ ਤੋਂ ਅਨੇਕ ਹੋ ਗਿਆ। ਇਸ ਤੋਂ ਅਗਾਹਾਂ ਵੀ ਮੈਨੂੰ ਦਿਸ ਗਿਆ ਜਦ ਤੂੰ ਅਨੇਕ ਤੋਂ ਇਕ ਬਣ ਜਾਏਂਗਾ। ਸੋ ਦ੍ਰਿਸ਼ਟੀ ਖੁਲ੍ਹ ਗਈ, ਅਹੰ ਰੋਗ ਦਾ ਖਾਤਮਾ ਹੋ ਗਿਆ। ਅਹੰ ਰੋਗ ਦਾ ਖਾਤਮਾ ਹੋਣ ਦੇ ਨਾਲ ਅਸਲ ਤੱਤ ਦੀ ਬਾਤ ਪਤਾ ਲਗ ਗਈ। ਹੁਣ ਕੀ ਹੋਇਆ? ਸਰੀਰ ਦੇ ਵਿਚ ਮਨ ਦਾ ਨਾਸ਼ ਹੋ ਗਿਆ, ਤੱਤ੍ਵ ਗਿਆਨ ਪ੍ਰਗਟ ਹੋ ਗਿਆ। ਵਾਸ਼ਨਾਵਾਂ ਖਤਮ ਹੋ ਗਈਆਂ ਤੇ ਜਿਸ ਕੰਮ ਨੂੰ ਕਰਨ ਵਾਸਤੇ ਅਸੀਂ ਸੰਸਾਰ ਦੇ ਵਿਚ ਐਨਾ ਲੰਮਾ ਸਫਰ ਕੱਟ ਕੇ, 84 ਲੱਖ ਜੂਨਾਂ 'ਚੋਂ ਲੰਘੇ ਸੀ ਤੇ ਅਖੀਰ ਆਹ ਮਨੁੱਖ ਦੇ ਸਰੀਰ ਵਿਚ ਆ ਕੇ ਸਾਨੂੰ ਇਹ ਧਰਵਾਸ ਮਿਲਿਆ ਸੀ ਕਿ ਇਕ ਪੈਰ ਪੁੱਟ ਲੈ, ਤੇਰੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ, ਇਕ ਕਦਮ ਅੱਗੇ ਵੱਧ ਜਾਹ। ਉਹ ਵਧੇਗਾ ਸਤਿਸੰਗ ਦੇ ਨਾਲ। ਜਦ ਤਾਂਈ ਤੈਨੂੰ ਸਤਿਸੰਗ ਦੇ ਵਿਚ ਭਰੋਸਾ ਨਹੀਂ ਆਉਂਦਾ ਕਿਸੇ ਪੂਰਨ ਮਹਾਂਪੁਰਸ਼ ਦੇ ਨਾਲ ਤੇਰਾ ਸੰਪਰਕ ਨਹੀਂ ਹੁੰਦਾ ਜਿਸ ਦੇ ਵਿਚ ਦ੍ਵੈਤ ਨਾ ਹੋਵੇ, ਅਦ੍ਵੈਤਵਾਦੀ ਹੋਵੇ, ਜਿਸ ਨੇ ਦੇਖ ਲਿਆ ਹੋਵੇ ਸਾਰੇ ਸੰਸਾਰ ਨੂੰ ਇਕ ਨਿਗ੍ਹਾ ਦੇ ਨਾਲ, ਉਹਦੇ ਤੱਤ ਬਚਨ ਜਿੰਨੀ ਦੇਰ ਤਕ ਤੂੰ ਸੁਣਦਾ ਨਹੀਂ ਹੈਂ ਓਨਾ ਚਿਰ ਤੇਰਾ ਰੋਗ ਨਹੀਂ ਜਾਣਾ।

ਸੋ ਮਹਾਰਾਜ ਜੀ ਕਹਿੰਦੇ, "ਸਾਡੇ ਤੇ ਕ੍ਰਿਪਾ ਹੋ ਗਈ ਗੁਰੂ ਦੀ। ਪੂਰੇ ਸਤਿਗੁਰੂ ਨੇ ਪੰਜ ਦੋਖ ਖਤਮ ਕਰ ਦਿਤੇ। ਨਾਲ ਜਿਹੜਾ ਵੱਡਾ ਰੋਗ ਸੀ - ਅਹੰ ਰੋਗ, ਜਿਹਦੇ ਕਰਕੇ ਕ੍ਰੋੜਾਂ ਵਾਰੀ ਚਉਰਾਸੀ ਦੇ ਚੱਕਰ ਕੱਟੇ ਸੀ ਉਹ ਵੀ ਖਤਮ ਵੀ ਖਤਮ ਹੋ ਗਿਆ। ਹੁਣ ਖੁਸ਼ੀਆਂ ਹੀ ਖੁਸ਼ੀਆਂ ਹੋ ਗਈਆਂ। ਸੋ ਸਾਧਸੰਗਤ ਜੀ! ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਸਤੇ ਜਿੰਨੇ ਤੁਸੀਂ ਸਾਧਨ ਕਰਦੇ ਓਂ, ਆਸਾ ਦੀ ਵਾਰਾਂ ਤੇ ਆਉਂਦੇ ਓਂ, ਜੇ ਖਿਆਲ ਆ ਗਿਆ ਕਿ ਮੈਂ ਆਸਾ ਦੀ ਵਾਰ ਲਾਉਂਨਾ, ਮੈਂ ਆਸਾ ਦੀ ਵਾਰ 'ਚ ਆਉਂਦਾ ਤਾਂ ਤਾਂ ਫੇਰ ਇਹੀ ਚੀਜ਼ ਬੰਧਨ ਬਣ ਗਈ। ਇਹ ਤੁਹਾਨੂੰ ਫਲ ਦੇਵੇਗੀ, ਘੁੰਮਾਏਗੀ ਸੁੱਖ ਦੇ ਵਿਚ, ਦੁੱਖਾਂ ਦਾ ਖਾਤਮਾ ਕਰੇਗੀ। ਲੇਕਿਨ ਖੁੰਝ

ਜਾਵਾਂਗੇ ਓਸ ਗੱਲ ਤੋਂ ਜਿਸ ਵਾਸਤੇ ਅਸੀਂ ਇਹ ਸਾਧਨ ਕਰ ਰਹੇ ਹਾਂ। ਇਹ ਸਾਧਨ ਅੰਮ੍ਰਿਤ ਵੇਲੇ ਦਾ ਜਾਗਣਾ ਇਹ ਕੀਰਤਨ ਭਗਤੀ ਕਹਾਉਂਦੀ ਹੈ -

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੬

ਮਹਾਰਾਜ ਜੀ ਕਹਿੰਦੇ ਨੇ ਕਿ ਸੋਚ ਕੇ, ਅੱਖਾਂ ਖੋਲ੍ਹ ਕੇ ਗਾ। ਜੇ ਅੱਖਾਂ ਖੋਲ੍ਹ ਕੇ ਨਹੀਂ ਗਾਏਂਗਾ, ਅੰਨ੍ਹਾ ਹੋ ਕੇ ਗਾਏਂਗਾ ਤਾਂ ਤੇਰਾ ਅਨੁਭਵ ਨਹੀਂ ਖੁਲ੍ਹਣਾ। ਸੁਰਾਂ ਦਾ ਅਨੰਦ ਤੈਨੂੰ ਆ ਜਾਏਗਾ, ਵਾਜੇ ਦੀ ਮਿੱਠੀ ਧੁਨ ਤੇਰੇ ਅੰਦਰ ਘਰ ਕਰ ਜਾਵੇਗੀ, ਝਰਨ੍ਹਾਟਾਂ ਦੇਵੇਗਾ, ਬਾਣੀ ਦੇ ਬਾਣ ਤੇਰੇ ਕੋਲ ਦੀ ਸਰਰ-ਸਰਰ ਕਰਦੇ ਲੰਘ ਜਾਣਗੇ ਲੇਕਿਨ ਘਾਇਲ ਨਹੀਂ ਹੋਏਂਗਾ ਕਿਉਂਕਿ ਗਾਉਣ ਵਾਲਾ ਅੰਨ੍ਹੇ ਹਿਰਦੇ ਨਾਲ ਗਾ ਰਿਹਾ ਹੈ, ਤੇਰੇ ਅੰਦਰ ਅਜੇ ਸੁਜਾਖਾ-ਪਣ ਨਹੀਂ ਆਇਆ। ਜਿਸ ਦਿਨ ਨੇਤਰ ਖੁਲ੍ਹ ਗਏ, ਨੇਤਰ ਖੋਲ੍ਹ ਕੇ ਗਾਇਆ, ਓਸ ਵੇਲੇ ਪ੍ਰਮ ਅਨੰਦ ਦੇ ਵਿਚ ਤੂੰ ਚਲਿਆ ਜਾਏਂਗਾ ਫੇਰ ਇਹ ਸਾਧਨ ਪ੍ਰਧਾਨਗੀ ਦਾ ਸਾਧਨ ਬਣ ਜਾਏਗਾ। ਜਦੋਂ ਏਸ ਧਿਆਨ ਦੇ ਵਿਚ ਆ ਕੇ ਗਾਏਂਗਾ ਓਸ ਵੇਲੇ ਸਾਰੇ ਭਗਤੀ ਦੇ ਸਾਧਨਾਂ, ਨੌਆਂ ਭਗਤੀਆਂ ਦੇ ਨਾਲੋਂ ਤੈਨੂੰ ਪ੍ਰਮ ਸਾਧਨ ਬਣ ਕੇ ਪ੍ਰੇਮਾ ਭਗਤੀ ਲੈ ਜਾਏਗਾ। ਪ੍ਰੇਮਾ ਭਗਤੀ 'ਚ ਲਿਜਾ ਕੇ ਤੇਰੇ ਅੰਦਰ, ਹਿਰਦੇ 'ਚ ਜ਼ਿੰਦਗੀ ਆ ਜਾਵੇਗੀ, ਰੌਂ ਰੁਮਕ ਜਾਏਗੀ, ਜਿਉਂਦਿਆਂ ਵਿਚ ਹੋ ਜਾਏਂਗਾ ਕਿਉਂਕਿ ਪਹਿਲਾਂ ਤੂੰ ਜਿਉਂਦਾ ਨਹੀਂ ਸੀ -

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥
ਅੰਗ - ੨੫੩

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨

ਸੋ ਜੀਵਨ ਪ੍ਰਾਪਤ ਹੋ ਜਾਏਗਾ। ਜਦ ਏਸ ਧਿਆਨ ਦੇ ਨਾਲ ਤੂੰ ਗਾਇਆ, ਪੜ੍ਹਿਆ ਤੇ ਸੁਣਿਆ ਉਸ ਤੋਂ ਬਾਅਦ ਜਦੋਂ ਤੈਨੂੰ ਜੀਵਨ ਪ੍ਰਾਪਤ ਹੋ ਗਿਆ ਫੇਰ ਤੂੰ ਸਮਰੱਥਾ 'ਚ ਆ ਜਾਏਂਗਾ -

ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- ੧੦੭੬

ਦਰਗਾਹ ਦੇ ਵਿਚ ਪੱਤ ਨਾਲ ਜਾਣ ਵਾਸਤੇ ਆਪਣੇ ਸਰੂਪ ਦਾ ਗਿਆਨ ਤੈਨੂੰ ਹੋ ਜਾਏਗਾ -

ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - ੬੬੧

ਜਦੋਂ ਇਹ ਸਰੂਪ ਦਾ ਗਿਆਨ ਤੈਨੂੰ ਹੋ ਗਿਆ ਉਸ ਵੇਲੇ ਤੈਨੂੰ ਗਿਆਨ ਆਏਗਾ -

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅੰਗ - ੬੫੭

'ਮੈਂ' ਖਤਮ ਹੋ ਜਾਏਗੀ, 'ਤੂੰ' ਆ ਜਾਏਗਾ ਤੇ ਤੇਰਾ ਸਾਰਾ ਮਨੋਰਥ ਤੜਕੇ ਉਠਣ ਦਾ, ਖੇਚਲ ਕਰਨ ਦਾ, ਤਪ ਕਰਨ ਦਾ ਪੂਰਾ ਹੋ ਜਾਏਗਾ ਤੇ ਫਲ ਪ੍ਰਾਪਤ ਹੋ ਜਾਏਗਾ। ਸੋ ਮਹਾਰਾਜ ਜੀ ਨੇ ਸਾਡੀਆਂ ਅੱਖਾਂ ਖੋਲ੍ਹਣ ਵਾਸਤੇ ਇਕ ਲਾਈਨ ਦੇ ਵਿਚ ਸਾਨੂੰ ਖਬਰਦਾਰ ਕੀਤਾ ਹੈ।

'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ** ਤਾਰੀਖ **ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ** ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥

ਸੰਤ ਬਾਬਾ ਹਰਪਾਲ ਸਿੰਘ ਜੀ
ਐਡੀਟਰ-ਇਨ-ਚੀਫ 'ਆਤਮ ਮਾਰਗ'

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਦੀ ਕ੍ਰਿਪਾ ਹੋਈ ਕਿ ਸਤਿਸੰਗ ਦੇ ਸੁਭਾਗ ਪ੍ਰਾਪਤ ਹੋਏ ਹਨ।

ਸਤਸੰਗਤਿ ਕੈਸੀ ਜਾਣੀਐ ॥ ਅੰਗ - ੭੨

ਇਹਦੀ ਨਿਸ਼ਾਨੀ ਕੀ ਹੈ?

ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨

ਜਿਥੇ ਕੇਵਲ ਨਾਮ ਨਾਲ ਜੁੜਨ ਦੀ ਜੁਗਤ ਮਿਲੇ ਉਹ ਸਤਿਸੰਗ ਹੈ। ਸੋ ਸਤਿਸੰਗ ਦੇ ਵਿਚ ਆ ਕੇ ਸਾਨੂੰ ਪਤਾ ਲਗਦਾ ਹੈ ਕਿ ਨਾਮ ਕਿੱਥੇ ਹੈ। ਕਿਉਂਕਿ ਅਸੀਂ ਤਾਂ ਬਾਹਰ ਲੱਭਦੇ ਹਾਂ -

ਬਾਹਰਿ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ - ੧੦੦੨

ਅਸਲ ਸਤਿਗੁਰੂ ਓਹੀ ਹੁੰਦੇ ਹਨ -

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਅੰਗ - ੧੨੯੧

ਜਿਹੜੇ ਸਰੀਰ ਰੂਪੀ ਘਰ ਦੇ ਵਿਚ, ਉਸ ਘਰ ਨੂੰ ਜਿਥੇ ਨਾਮ ਹੈ -

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥ ਅੰਗ - ੬

ਓਸ ਘਰ ਦੀ ਦਸ ਸਤਿਗੁਰੂ ਜੀ ਪਾਉਂਦੇ ਹਨ। ਸਤਿਗੁਰ ਕਦੇ ਸਰੀਰ ਨਹੀਂ ਹੁੰਦੇ, ਜੇ ਗੁਰੂ ਪਾਤਸ਼ਾਹ ਜੀ ਨੇ ਦੇਹ ਵੀ ਧਾਰਨ ਕੀਤੀ ਤਾਂ ਜਿਹੜੀ ਬਾਣੀ ਆਈ ਹੈ ਉਹ -

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
ਅੰਗ - ੬੨੮

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨

ਗੁਰੂ ਸਦਾ ਹੀ ਬਾਣੀ ਹੁੰਦਾ ਹੈ, ਜੋ ਸਦਾ ਹੀ ਜੁਗੋ-ਜੁਗ ਅਟੱਲ ਹੈ। ਇਹ ਸਾਰੀ ਬਾਣੀ ਨਾਮ ਨਾਲ ਜੋੜਦੀ ਹੈ -

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭

ਇਹ ਦਸਦੀ ਹੈ ਕਿ ਨਾਮ ਕਿੱਥੇ ਹੈ? ਨਾਮ ਸਭ ਦੇ ਅੰਦਰ ਹੈ। ਬਾਹਰ ਨਹੀਂ ਮਿਲਦਾ ਹੈ। ਬਾਹਰੋਂ ਗੁਰੂ ਗੁਰਮੰਤ੍ਰ ਦਿੰਦੇ ਹਨ। ਗੁਰਮਤਿ ਦੇ ਵਿਚ ਪੰਜ ਪਿਆਰੇ ਅੰਮ੍ਰਿਤ ਛਕਾਉਣ ਦੇ ਸਮੇਂ ਮੂਲਮੰਤ੍ਰ, ਗੁਰ ਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ। ਸਤਿਸੰਗ ਦੇ ਵਿਚ ਆਤਮ ਮਾਰਗ ਦਾ ਰਸਤਾ ਦਸਿਆ ਜਾਂਦਾ ਹੈ -

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਅੰਗ - ੬੨੨

ਇਹ ਰਾਹ ਵੱਡਿਆਂ ਭਾਗਾਂ ਦੇ ਨਾਲ ਮਿਲਦਾ ਹੈ, ਗੁਰਮੁਖ ਗਾਡੀ ਰਾਹ ਚਲਾਇਆ। ਇਹਦੇ ਵਿਚ ਆਪਣਾ ਜਿਹੜਾ experince ਹੁੰਦਾ ਹੈ ਉਹ ਬਦਲਦਾ ਹੈ, ਜਿਵੇਂ ਕਿ ਸੀਨੀਅਰ ਵਿਦਿਆਰਥੀ ਦੂਸਰਿਆਂ ਦੀ ਮਦਦ ਕਰਦੇ ਹਨ, ਜਦੋਂ ਅਸੀਂ ਸਤਿਸੰਗ ਦੇ ਵਿਚ ਆਉਂਦੇ ਹਾਂ।

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ਅੰਗ - ੯੫੧

ਐਸੀਆਂ ਕਥਾ-ਕਹਾਣੀਆਂ ਨੇ, ਜਿਹੜੀਆਂ ਪੁੱਤ ਨੂੰ ਸਪੁੱਤ ਬਣਾ ਦਿੰਦੀਆਂ ਨੇ। ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਹਨ। ਸਿੱਧੇ ਰਸਤੇ ਪਾ ਦਿੰਦੀਆਂ ਹਨ। ਸੋ ਨਿਸ਼ਾਨੀ ਵੀ ਸਤਿਗੁਰ ਜੀ ਦਸਦੇ ਹਨ ਕਿ ਨਾਮ ਅੰਦਰ ਹੈ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩

ਉਥੋਂ ਦੀ ਨਿਸ਼ਾਨੀ ਵੀ ਦਸੀ ਹੈ -

ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩

ਉਹ ਸਾਡੇ ਸਾਰਿਆਂ ਦੇ ਅੰਦਰ ਹੈ, ਉਥੋਂ ਤਕ ਪਹੁੰਚਣ ਵਾਸਤੇ ਗੁਰਮੰਤ੍ਰ ਦਾ ਅਭਿਆਸ ਕੀਤਾ ਜਾਂਦਾ ਹੈ -

ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।
ਭਾਈ ਗੁਰਦਾਸ ਜੀ

ਇਹਦੀ ਜਿਹੜੀ ਮਹਿਮਾ ਹੈ -

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ਅੰਗ- ੨੬੫

ਸੋ ਉਸ ਨਾਮ ਵਿਚ ਅਸਥਿਤ ਹੋਣਾ, ਜਦੋਂ ਅਸੀਂ ਬਾਣੀ ਪੜ੍ਹਦੇ ਹਾਂ, ਵਿਚਾਰਦੇ ਹਾਂ, ਪਤਾ ਲਗਦਾ ਹੈ ਕਿ ਕਿਵੇਂ ਉਥੇ ਤਕ ਪਹੁੰਚਣਾ ਹੈ। ਭਾਵੇਂ ਹੋਰ ਕਰਮ ਵੀ ਹਨ -

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥
ਅੰਗ-੬੪੧

ਕਲਜੁਗ ਦਾ ਸਮਾਂ ਹੈ, ਸਾਡੇ ਕੋਲ ਹੁਣ ਬਹੁਤਾ ਸਮਾਂ ਨਹੀਂ ਕਿਉਂਕਿ ਅੱਜਕੱਲ੍ਹ ਸਭ ਪਾਸੇ ਪ੍ਰਦੂਸ਼ਨ ਹੈ -

ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ - ੧੧੪੦

ਕਿਉਂਕਿ ਰੋਗ ਤੋਂ ਰਹਿਤ ਸਤਿਗੁਰੂ ਜੀ ਹਨ। ਬਾਕੀ ਤਾਂ ਜਿੰਨੇ ਵੀ ਜੀਵ ਜੰਤੂ ਦਿਸਦੇ ਹਨ, ਪਸ਼ੂ, ਪੰਛੀ, ਮਨੁੱਖ ਸਾਰੇ ਰੋਗੀ ਹਨ। ਸਮਰੱਥ ਸਤਿਗੁਰੂ ਸਰੀਰ ਨਹੀਂ ਹੁੰਦੇ, ਇਸ ਕਰਕੇ ਸਰੀਰ ਦਾ ਜਨਮ, ਸਰੀਰ ਦਾ ਮਰਨ, ਸਰੀਰ ਰੋਗੀ ਹੁੰਦਾ, ਪਰ ਇਹ ਬਾਣੀ ਗੁਰੂ ਹੈ, ਇਹ ਕਦੇ ਰੋਗੀ ਨਹੀਂ ਹੋ ਸਕਦੀ। ਇਹ ਤਾਂ ਰੋਗੀਆਂ ਦੇ ਰੋਗ ਕੱਟਦੀ ਹੈ -

ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨

ਸਾਰੇ ਦੁਖਾਂ ਦਾ, ਸਾਰੇ ਪਾਪਾਂ ਦਾ ਨਾਸ਼ ਕਰਦੀ ਹੈ। ਇਸ ਤਰ੍ਹਾਂ ਦੇ ਨਾਲ ਸਮਾਂ ਐਸਾ ਨਹੀਂ ਕਿ ਲੰਮੇ ਅਭਿਆਸ ਕੀਤੇ ਜਾਣ। ਪਹਿਲੇ ਸਮਿਆਂ ਦੇ ਵਿਚ ਸੰਸਕ੍ਰਿਤ ਪੜ੍ਹਦੇ ਵਿਆਕਰਣਿਕ ਤੌਰ 'ਤੇ, ਉਸ ਦਾ ਕਿੰਨਾ ਰਟਨ ਹੁੰਦਾ। ਪਰ ਉਹਦੇ ਨਾਲ ਇਹ ਜਾਂਦਾ ਕਿ ਜੋ ਇਕ ਵੇਦ ਪੜ੍ਹਦਾ, ਉਹ ਇਕ ਵੇਦੀ, ਦੋ ਪੜ੍ਹਦਾ ਦੋਵੇਦੀ, ਤਿੰਨ ਪੜ੍ਹਨ ਵਾਲਾ ਤ੍ਰਿਵੇਦੀ, ਚਾਰ ਪੜ੍ਹਨ ਵਾਲਾ ਚਤੁਰਵੇਦੀ ਹੁੰਦਾ। ਪਰ ਅਸਲ ਦੇ ਵਿਚ ਨਾਮ ਦੇ ਵਿਚ ਸ਼ਾਂਤੀ ਹੈ। ਬਾਕੀ ਕਰਮ ਵੀ ਹਨ, ਰੇਚਕ, ਪੂਰਕ, ਨਿਵਲ, ਭੁਅੰਗਮ। ਪ੍ਰਾਣਾਯਾਮ ਕਰਨੇ। ਪਰ ਅਸਲ ਵਿਚ ਇਨ੍ਹਾਂ ਦੀ ਕੋਈ ਬਹੁਤੀ ਮਹਾਨਤਾ ਨਹੀਂ ਹੈ। 'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥' ਜਿਹੜੇ ਪੰਜ ਚੋਰ ਨੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਪੰਜ ਵਿਸ਼ੇ ਹਨ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਤੋਂ ਤਾਂ ਛੁਟਕਾਰਾ ਨਹੀਂ ਹੋਇਆ। ਪੰਜ ਠੱਗ ਹਨ - ਰਾਜ, ਮਾਲ, ਰੂਪ, ਜਾਤ, ਜੋਬਨ। ਫੇਰ ਅਹੰਕਾਰ ਦੇ ਵਿਚ ਅਸੀਂ ਬੰਨੇ ਹੋਏ ਹਾਂ -

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦

ਇਹ ਦੋ ਇਕ ਜਗ੍ਹਾ ਰਹਿ ਨਹੀਂ ਸਕਦੇ -

ਹਉ ਹਉ ਮੈ ਮੈ ਵਿਚਹੁ ਖੋਵੈ ॥
ਦੂਜਾ ਮੇਟੈ ਏਕੋ ਹੋਵੈ ॥ ਅੰਗ - ੯੪੩

ਇਸ ਤਰ੍ਹਾਂ ਜੋ ਅੰਤਸ਼ਕਰਣ ਹੈ ਇਹ ਚਾਰ ਦਾ ਜੋੜ ਹੈ ਮਨ, ਚਿਤ, ਬੁੱਧ, ਅਹੰਭਾਵ। ਹੁਣ ਜਿਹੜਾ ਅਸਲ ਦੇ ਮਨ ਨੂੰ ਕਾਬੂ ਕਰਨਾ, ਵਿਵੇਕ ਬੁੱਧ ਦੇ ਨਾਲ ਵਿਚਾਰ ਰਕਦੇ ਹਾਂ। ਮਨ ਦੌੜਦਾ ਕਿਵੇਂ ਹੈ? ਮਨ ਦੌੜਦੈ ਸਾਹ ਦੇ ਉਤੇ -

ਕਹੈ ਕਬੀਰੁ ਸੁਨਹੁ ਰੇ ਸੰਤਹੁ
ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ - ੧੨੫੩

ਇਹ ਹੁਣ ਇਥੇ ਬੈਠਾ ਹੋਇਆ ਵੀ ਪਤਾ ਨਹੀਂ ਕਿਥੇ-ਕਿਥੇ ਲਈਂ ਫਿਰਦਾ ਹੈ। ਇਸ ਕਰਕੇ -

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ ਅੰਗ - ੨੯੫

ਇਸ ਵਿਚ ਸਾਵਧਾਨਤਾ ਦੀ ਲੋੜ ਹੈ।

ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।

ਇਹ ਇਕ ਐਸਾ ਮੰਤ੍ਰ ਹੈ ਜੋ ਗੁਰੂ ਬਾਬਾ ਜੀ ਧੰਨ-ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਮਹਾਰਾਜ ਕਲਜੁਗ ਦੇ ਇਸ ਭਿਆਨਕ ਸਮੇਂ ਦੇ ਵਿਚ ਲੈ ਕੇ ਆਏ ਜਦੋਂ ਸਿੱਧਾਂ ਨੇ ਗੁਰੂ ਬਾਬਾ ਜੀ ਨੂੰ ਸਵਾਲ ਕੀਤਾ -

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬

ਤਾਂ ਗੁਰੂ ਬਾਬਾ ਜੀ ਨੇ ਜਵਾਬ ਦਿਤਾ ਕਿ -

ਹਉਮੈ ਵਿਚਿ ਜਗੁ ਉਪਜੈ ਪੁਰਖਾ

ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬

ਨਾਮ ਨੂੰ ਭੁੱਲ ਇਨਸਾਨ ਦੁਖੀ ਹੁੰਦਾ ਹੈ। ਹਉਮੈ ਕਰਕੇ -

ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥ ਅੰਗ - ੧੧੪੦

ਬਾਕੀ ਜੀਵਾਂ ਵਿਚ ਤਾਂ ਇਕ-ਇਕ ਰੋਗ ਹੈ ਪਰ ਮਨੁੱਖ ਵਿਚ ਤਾਂ ਪੰਜ ਅਸਾਧ ਰੋਗ ਹਨ। ਸਭ ਤੋਂ ਵੱਡਾ ਜੋ ਹਉਮੈ ਰੋਗ ਹੈ ਇਹ ਵਾਹਿਗੁਰੂ ਮੰਤਰ ਦੇ ਨਾਲ ਕੱਟ ਹੋਣਾ ਹੈ। ਅੰਤਸ਼ਕਰਣ ਨੂੰ ਮੈਲ ਲੱਗੀ ਹੋਣ ਕਰਕੇ, ਉਸ ਪਰਮ ਆਪੇ ਦੇ ਦਰਸ਼ਨ ਨਹੀਂ ਹੁੰਦੇ -

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਅੰਗ - ੬੫੧

ਜਨਮਾਂ-ਜਨਮਾਂ ਦੀ ਮੈਲ ਲਗੀ ਹੋਣ ਕਰਕੇ, ਅੰਤਸ਼ਕਰਣ ਵਿਚ ਸਾਨੂੰ ਪਰਮ ਆਪੇ ਦੇ ਦਰਸ਼ਨ ਨਹੀਂ ਹੁੰਦੇ -

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪

ਸੋ ਇਸ ਕਰਕੇ -

ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥ ਅੰਗ - ੬੪੧

ਕਿੰਨੇ ਹੀ ਕਰਮ ਕਾਂਡ ਕਰੋ। ਪਰ ਉਸ ਪਰਮ ਆਪੇ 'ਚ, ਨਾਮ 'ਚ ਸਥਿਤੀ ਨਹੀਂ ਹੁੰਦੀ। ਮਿਲਾਪ ਨਹੀਂ ਹੁੰਦਾ। ਹੁਣ ਇਸ ਦੁਆਰੇ 'ਤੇ ਆਏ ਹਾਂ ਇਥੇ ਆ ਕੇ - 'ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥' ਸਾਰੇ ਦਰਵਾਜਿਆਂ ਨੂੰ ਛੱਡ ਕੇ-

ਸਗਲ ਦੁਆਰ ਕਉ ਛਾਡਿ ਕੈ
ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।

ਇਸ ਦਰ 'ਤੇ ਆਏ ਹਾਂ। ਇਸ ਸਰੀਰ ਦੇ ਜਿੰਨੇ ਵੀ ਦਰਵਾਜ਼ੇ ਨੇ ਬਾਹਰ ਨੂੰ ਖੁਲ੍ਹਦੇ ਨੇ -

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅੰਗ - ੯੫੪

ਹੁਣ ਜਿਹੜਾ ਗੁਰੂ ਦਾ ਸ਼ਬਦ ਹੈ, ਉਸ ਦੇ ਰਾਹੀਂ ਇਸ ਨੇ ਖੁਲ੍ਹਣਾ ਹੈ ਕਿਉਂਕਿ ਸੁਰਤ ਬਾਹਰ ਨੂੰ ਚਲਦੀ ਹੈ -

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥
ਅੰਗ - ੧੩੩

ਸਾਰੇ ਪਾਸੇ ਦੌੜ-ਦੌੜ ਕੇ ਦੇਖ ਲਓ, ਇਹਦੇ ਵਿਚ ਸ਼ਾਂਤੀ ਨਹੀਂ। ਸੁਖ ਨਹੀਂ, ਸੁਖ ਤਾਂ ਮਨ ਦੀ ਸ਼ਾਂਤੀ ਇਸ ਦਰ ਆ ਕੇ ਜਦੋਂ ਸਤਿਸੰਗ ਕਰਦੇ ਹਾਂ, ਅੰਤਰੰਗ ਸਾਧਨ ਕਰਦੇ ਹਾਂ -

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩

ਨਾਮ ਫੇਰ ਮਿੱਠਾ ਲਗਦਾ ਹੈ ਨਾਮ। ਵਾਹਿਗੁਰੂ ਗੁਰਮੰਤ੍ਰ ਦਾ ਜਾਪ ਕਰਦੇ-ਕਰਦੇ, ਪਹਿਲਾਂ ਬੋਲ ਕੇ ਕਰਦੇ ਹਾਂ, ਫੇਰ ਜਦੋਂ ਅਵਸਥਾ ਉੱਚੀ ਹੁੰਦੀ ਹੈ, ਬੈਖਰੀ ਤੋਂ ਮਧਮਾ, ਫੇਰ ਮਧਮਾ ਬਾਣੀ ਵਿਚ ਜਾ ਕੇ ਬੁੱਲ੍ਹ ਵੀ ਹਿਲਣੇ ਦਿਸਦੇ, ਜੀਭਾ ਵੀ ਹਿਲਦੀ ਹੈ, ਪਰ ਆਵਾਜ਼ ਬਾਹਰ ਨੂੰ ਸੁਣਾਈ ਨਹੀਂ ਦਿੰਦੀ। ਅੰਦਰ ਸੁਣਾਈ ਦਿੰਦੀ ਹੈ। ਕਿੰਨਾ ਫਲ ਵਧ ਗਿਆ। ਫੇਰ ਹਿਰਦੇ ਵਿਚ ਸਿਮਰਨ ਕਰਦਾ ਹੈ, ਫੇਰ ਜੀਭ ਵੀ ਨਹੀਂ ਹਿਲਦੀ -

ਬਿਨੁ ਜਿਹਵਾ ਜੋ ਜਪੈ ਹਿਆਇ ॥
ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬

ਬਾਹਰ ਸੌ ਵਾਰੀ ਵਾਹਿਗੁਰੂ-ਵਾਹਿਗੁਰੂ ਕਰੋ, ਅੰਦਰ ਇਕ ਵਾਰੀ ਹਿਰਦੇ ਵਿਚ। ਕਿੰਨਾ ਫਲ ਵਧ ਜਾਂਦਾ ਹੈ। ਹੋਰ ਵੀ ਫਲ ਵਧ ਜਾਂਦਾ ਹੈ ਪਰਾ ਬਾਣੀ ਦੇ ਵਿਚ ਜਾ ਕੇ -

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫

ਫੇਰ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ ਕਿਉਂਕਿ ਮਨ ਤਾਂ ਦੌੜਦਾ ਹੈ। ਜਦੋਂ ਸਵਾਸ ਨੂੰ ਹੀ ਕਾਬੂ ਕਰ ਲਿਆ। ਸਵਾਸ ਦੇ ਉਤੇ ਗੁਰੂ ਦਾ ਮੰਤਰ ਸਵਾਰ ਕਰ ਦਿਤਾ, ਫੇਰ ਸਵਾਸ ਖਾਲੀ ਨਹੀਂ ਜਾਂਦਾ। ਸਵਾਸ ਨੂੰ ਦੇਖੋ, ਆ ਰਿਹਾ ਹੈ, ਜਾ ਰਿਹਾ ਹੈ। ਐਨੀ ਐਨਰਜੀ, ਆਕਸੀਜਨ ਅੰਦਰ ਜਾਂਦੀ ਹੈ। ਸਾਰਾ ਸਰੀਰ ਹੀ ਚਾਰਜ ਹੋ ਜਾਂਦਾ ਹੈ। ਅੰਦਰ ਸਫਾਈ ਹੋ ਕੇ ਕਾਰਬਨ ਡਾਈਆਕਸਾਈਡ ਬਾਹਰ ਆਉਂਦੀ ਹੈ। ਫੇਰ ਮੰਤਰ ਬਲ ਦੇ ਨਾਲ ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਜਿੰਨਾਂ ਲੰਮਾ ਸਵਾਸ ਹੋਏਗਾ, ਓਨੀਓਂ ਸ਼ਾਂਤੀ ਵੱਧ ਤੋਂ ਵੱਧ ਵਰਤ ਜਾਂਦੀ ਹੈ। ਅੱਜ ਮੈਡੀਕਲ ਸਾਇੰਸ ਇਸ ਗੱਲ ਨੂੰ ਸਿੱਧ ਕਰ ਰਹੀ ਹੈ। ਯੋਗੀਆਂ ਨੇ, ਗੁਰਮੁਖਾਂ ਨੇ, ਉਹਨਾਂ ਨੇ ਤਾਂ ਪਹਿਲਾਂ ਹੀ ਕਮਾਈਆਂ ਕਰਕੇ, ਆਪ ਖੋਜ ਕੀਤੀ। ਨਾਲੇ ਸਿੱਧ

ਕੀਤਾ ਕਿ ਇਹਦੇ ਵਿਚ ਕਿੰਨੀ ਸ਼ਾਂਤੀ ਹੈ। ਅੱਠ ਅੰਗ ਹਨ - ਸਮ, ਦਮ, ਯਮ, ਨਿਯਮ ਇਨ੍ਹਾਂ ਦੇ ਦਸ ਅੰਗ ਨੇ। ਆਸਣ, ਪ੍ਰਾਣਾਯਾਮ, ਪ੍ਰਤਿਹਾਰ ਸਾਧਨ ਕਰਦੇ-ਕਰਦੇ ਧਾਰਨਾ, ਧਿਆਨ, ਸਮਾਧੀ ਵਿਚ ਅਸਥਿਤ ਹੁੰਦੇ ਹਾਂ। ਧਾਰਨਾ 12 ਸੈਕਿੰਡ ਦੀ ਹੁੰਦੀ ਹੈ, 12 ਸੈਕਿੰਡ ਮਨ ਰੁਕ ਜਾਂਦਾ ਹੈ। 12 ਸੈਕਿੰਡ ਤੋਂ 30 ਸੈਕਿੰਡ ਤਕ ਦਾ ਸਵਾਸ ਲਿਆ ਜਾਵੇ। ਛੱਡਣ ਵਿਚ ਵੀ ਓਨਾਂ ਹੀ ਸਮਾਂ ਲਗਾਵੇ। ਫੇਰ ਅੰਦਰ ਕਿੰਨੀ ਸ਼ਾਂਤੀ ਵਧ ਜਾਂਦੀ ਹੈ। ਢਾਈ ਕੁ ਮਿੰਟ ਮਨ ਟਿਕਣ ਲਗ ਗਿਆ, ਸਮਝੋ ਕਿ ਧਿਆਨ ਲਗਣ ਲਗ ਗਿਆ। ਫੇਰ ਅੱਗੇ ਜਿਹੜੀਆਂ 12 ਧਾਰਨਾ ਦਾ ਇਕ ਧਿਆਨ ਲਗ ਕੇ, ਸਾ-ਵਿਕਲਪ ਸਮਾਧੀ ਲਗ ਗਈ। ਜਦੋਂ ਅਫੁਰ ਅਵਸਥਾ ਵਿਚ ਚਲੇ ਗਏ ਕਿਉਂਕਿ ਇਸ ਵਿਚ ਸੰਕਲਪ, ਵਿਕਲਪ, ਸਮਾਂ ਅਤੇ ਖਲਾਅ, ਉਹਦੇ ਧਿਆਤਾ, ਧਿਆਨ, ਧੇਅ ਦਾ ਪਤਾ ਹੈ, ਗਿਆਤਾ, ਗਿਆਨ, ਗੇਅ ਦਾ ਪਤਾ ਹੈ। ਪਰ ਜਦੋਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉਪਰ ਉੱਠ ਜਾਂਦੇ ਹਾਂ ਤਾਂ ਫੇਰ-

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ - ੨੯੩

ਉਹਦੇ ਨਾਲ -

ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ ॥ ਅੰਗ - ੧੦੬

ਅਵਸਥਾਵਾਂ ਹਨ। ਸੋ ਬਹੁਤ ਸੁਖੈਨ ਮੰਤਰ ਹੈ, ਇਸ ਦਰ 'ਤੇ ਆ ਕੇ ਵਿਧੀਪੂਰਵਕ ਕੀਤਾ ਜਾਂਦਾ ਹੈ। ਗੁਰੂ ਵਾਲੇ ਬਣਦੇ ਹਾਂ। ਜੇ ਨਹੀਂ ਬਣਦੇ ਤਾਂ-

ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਪ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲਿ ਖਲਹ ॥ ਅੰਗ - ੧੩੫੬

ਨਹੀਂ ਤਾਂ ਕਾਵਾਂ, ਕੁਤਿਆਂ, ਗਧਿਆਂ ਵਰਗੀ ਜੂਨੀ ਤਿਆਰ ਹੁੰਦੀ ਹੈ। ਪਹਿਲਾਂ ਵੀ ਇਹਦੇ ਵਿਚੋਂ ਘੁੰਮ ਕੇ ਆਏ ਹਾਂ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥
ਅੰਗ - ੧੫੬

ਇਸ ਕਰਕੇ ਗੁਰੂ ਤੋਂ ਮੰਤਰ ਜ਼ਰੂਰ ਲਓ। ਵਾਹਿਗੁਰੂ ਮੰਤਰ ਦਾ ਜਾਪ ਜਪਦੇ-ਜਪਦੇ ਜਦੋਂ ਇਹ ਅਵਸਥਾ ਆ ਗਈ ਕਿ ਧਿਆਨ ਚਲਿਆ ਗਿਆ -

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯

ਧੁਨ ਬਣ ਜਾਂਦੀ ਹੈ। ਪਰਾ ਬਾਣੀ ਦੇ ਵਿਚ ਸਵਾਸ 'ਤੇ ਜਦੋਂ ਗੁਰਮੰਤ੍ਰ ਆ ਗਿਆ। ਅੰਦਰ ਨੂੰ ਜਾਂਦੇ 'ਵਾਹਿ' ਬਾਹਰ ਨੂੰ ਜਾਂਦੇ 'ਗੁਰੂ। ਇਸ ਨਾਲ ਸਾਰੇ ਹੀ ਦੁਖ, ਸਾਰੇ ਹੀ ਰੋਗ, ਸਾਰੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ।

ਫੇਰ ਅਵਸਥਾਵਾਂ ਹਨ -

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ - ੯੪੧

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - ੧੨੬੫

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥
ਅੰਗ- ੧੪੨੦

ਸਵਾਸ ਦੀ ਮਦਦ ਦੇ ਨਾਲ ਇਸ ਐਨਰਜੀ ਦੇ ਨਾਲ, ਇਹ ਇਕ fuel ਹੈ, ਵਾਹਿਗੁਰੂ ਮੰਤਰ ਜਪਦੇ-ਜਪਦੇ ਸੁਰਤ ਨੂੰ ਸਵਾਸ ਦੀ ਮਦਦ ਦੇ ਨਾਲ ਉੱਚਾ ਚੁੱਕਣਾ ਹੈ। ਸ਼ਬਦ ਨਾਲ ਜੋੜਨਾ ਹੈ। ਸੋ ਅਸਲ ਵਿਚ ਇਹੀ ਕਰਮ ਹੈ। ਬਾਕੀ ਤਾਂ ਜਿਹੜੇ ਕੰਮ ਆਪਾਂ ਕਰਦੇ ਹਾਂ -

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨

'ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥' ਜਦੋਂ ਬਿਬੇਕ ਬੁੱਧ ਨਾਲ ਵਿਚਾਰ ਕਰਦੇ ਹਾਂ, ਪਤਾ ਲਗਦਾ ਹੈ ਕਿ ਕੀ ਕੰਮ ਕਰਨ ਵਾਸਤੇ ਆਇਆ ਹੈਂ ਕਿਉਂਕਿ ਆਇਆ ਤਾਂ ਇਸੇ ਵਾਸਤੇ ਹੈ ਕਿ ਅਸੀਂ ਬਾਣੀ ਪੜ੍ਹੀਏ, ਬਾਣੀ ਗਾਈਏ, ਬਾਣੀ ਸੁਣੀਏ ਜੋ ਬਾਣੀ ਦਸਦੀ ਹੈ ਉਹ ਕਰੀਏ।

ਵਾਹਿਗੁਰੂ ਜੀ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

ਡਾ. ਜਗਜੀਤ ਸਿੰਘ
ਚੀਫ ਐਡੀਟਰ, ਆਤਮ ਮਾਰਗ

ਗੁਰੂ ਨਾਨਕ ਮਾਰਗ

ਸ੍ਰੀ ਗੁਰੂ ਨਾਨਕ ਮਾਰਗ ਸੱਚ ਦਾ ਮਾਰਗ ਹੈ। ਗੁਰੂ ਜੀ ਨੇ 'ੴ' ਦਾ ਲਕਸ਼ 'ਸਤਿ' ਹੀ ਦਸਿਆ ਹੈ, 'ਸਤਿ' ਹੀ ਉਸਦਾ ਪਰਾਪੂਰਬਲਾ ਜਾਤੀ ਨਾਮ ਹੈ ਬਾਕੀ ਸਭ ਸਫਾਤੀ ਜਾ ਕਿਰਤਮ ਨਾਮ ਹਨ ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ***ਸਤਿ ਨਾਮੁ ਤੇਰਾ ਪਰਾ ਪੂਰਬਲਾ ॥ (ਅੰਗ-੧੦੮੩)*** 'ਸਤਿ' ਦਾ ਭਾਂਵ ਹੈ, ਹੋਂਦ, Existence, Eternal; ਸਦੀਵਕਾਲੀ ਸਗੋਂ ਅਕਾਲ, ਕਾਲ ਰਹਿਤ, ਅਜੂਨੀ, ਸ੍ਵੈਭੰ। ਇਸ ਪਰਮਾਤਮ ਸੱਚ ਨੂੰ ਆਪ ਜੀ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਕਹਿੰਦੇ ਹਨ ਜਿਸ ਦਾ ਭਾਵ ਹੈ ਕਿ ਇਕੋ ਇਕ ਸਤਿ-ਸਰੂਪ ਪ੍ਰਮਾਤਮ ਜੋਤਿ ਹੀ ਪੂਰਬ-ਰਚਨਾ ਸਥਿਤੀ ਵਿਚ ਵਿਚਰ ਰਹੀ ਸੀ, ਆਦਿ ਕਾਲ ਤੋਂ, ਪਰਾਰੰਭਤਾ ਤੋਂ ਵੀ ਇਹੋ ਪਰਮ ਜੋਤਿ ਪ੍ਰਕਾਸ਼ਮਾਨ ਹੋ ਰਹੀ ਹੈ, ਹੁਣ ਵੀ ਉਸ ਦਾ ਹੀ ਪ੍ਰਕਾਸ਼ ਹੈ ਅਤੇ ਸਦੀਵ ਕਾਲ ਲਈ, ਸਗੋਂ ਕਾਲ ਦੀ ਸਮਾਪਤੀ ਉਪਰੰਤ ਵੀ ਉਸ ਦਾ ਹੀ ਪ੍ਰਕਾਸ਼ ਰਹੇਗਾ। ਕਾਲ ਉਸ ਦੀ ਹੀ ਕਿਰਤ ਹੈ ਪਰ ਆਪ ਕਾਲ-ਰਹਿਤ 'ਅਕਾਲ ਮੂਰਤਿ' ਹੈ। 'ਸਤਿ' ਤੋਂ ਬਿਨਾਂ ਕਿਸੇ ਹੋਂਦ ਨੂੰ ਮੰਨਣਾ ਦ੍ਵੈਤ-ਭਾਵਨਾ ਹੈ, ਕੂੜ-ਭਾਵਨਾ ਹੈ, 'ਤੁਧ ਬਾਝ ਕੂੜੋ ਕੂੜ' ਹੈ। ਇਸ ਲਈ ਪ੍ਰਮੁੱਖ ਬਾਣੀ 'ਜਪੁਜੀ' ਵਿਚ ਗੁਰੂ ਜੀ ਨੇ ਮਨੁੱਖ ਦਾ ਜੀਵਨ ਆਦਰਸ਼ ਵੀ 'ਕੂੜਿ ਦੀ ਪਾਲਿ' ਨੂੰ ਤੋੜ ਕੇ 'ਸਚਿਆਰਾ' ਹੋਣਾ ਦਸਿਆ ਹੈ, ਉਦਾਸੀਆਂ ਦੇ ਲੰਮੇ ਸਫਰ ਦੌਰਾਨ ਕੁਲ ਲੁਕਾਈ ਪਾਸ ਜੋ ਸੰਦੇਸ਼ ਆਪ ਜੀ ਲੈ ਕੇ ਗਏ, ਉਹ ਇਸ 'ਸੱਚ' ਦਾ ਸੰਦੇਸ਼ ਹੀ ਸੀ, ਸਾਰੀ ਬਾਣੀ ਇਸ 'ਸੱਚ' ਦਾ ਪ੍ਰਗਟਾਅ ਹੈ, ਸਮੁੱਚੀ ਬਾਣੀ 'ਕੂੜ' ਨਾਲੋਂ ਤੋੜਦੀ ਅਤੇ ਸੱਚ ਨਾਲ ਜੋੜਦੀ ਹੈ, ਕੂੜ ਕੱਚ ਹੈ, ਛਲਾਵਾ ਹੈ, ਹਉਮੈ ਹੈ, ਬਿਨਸਨਹਾਰ ਹੈ, ਸਥੂਲ ਪਦਾਰਥ ਹਨ, ਮੋਹਣੀ ਮਾਇਆ ਹੈ, ਛਿਨ ਭੰਗਰ ਹੈ, ਮਨ ਨੂੰ ਮੋਂਹਦਾ ਹੈ ਪਰ ਪ੍ਰਤੀਕਰਮ ਵਜੋਂ ਦੁਖਦਾਇਕ ਹੈ, ਇਸ ਵਿਚ ਬੰਧਨ ਹਨ, ਪਛਤਾਵਾ ਹੈ, ਈਰਖਾ ਹੈ, ਨਫਰਤ ਹੈ, ਦ੍ਵੈਤ ਹੈ, ਵਿਕਾਰ ਹਨ, ਮਨੁੱਖ ਸ਼ਾਇਦ ਕਈ ਜਨਮ 'ਸੱਚ' ਨੂੰ ਭੁੱਲਿਆ 'ਕੱਚ' ਨਾਲ ਜੁੜਿਆ ਸਫਰ ਤਹਿ ਕਰ ਰਿਹਾ ਹੈ -

ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੭

ਹੁਣ (ਇਹ ਜੀਵਨ) ਸੱਚ ਨਾਲ ਜੁੜਨ ਦਾ ਸੁਨਹਿਰੀ ਅਵਸਰ ਹੈ। 'ਕੂੜ' ਦੇ ਵਿਪਰੀਤ 'ਸੱਚ' ਸਦੀਵ ਹੈ, ਨੀਤ ਨਵਾਂ ਹੈ, ਕਦੇ ਪੁਰਾਣਾ ਨਹੀਂ ਹੁੰਦਾ, ਸਭਨੀ ਥਾਈਂ ਪ੍ਰਕਾਸ਼ਮਾਨ ਹੈ, ਪਿਆਰ-ਸਰੂਪ ਸੁੰਦਰ, ਸੁਖਾਵਾਂ, ਸੁਖ-ਸਾਗਰ, ਵਿਗਾਸ-ਮਈ, ਅਨੰਦ ਭਰਪੂਰ ਹੈ। ਸਰਬ ਬ੍ਰਹਿਮੰਡ ਵਿਚ ਇਸ ਦਾ ਹੀ ਪਸਾਰਾ ਹੈ ਅਤੇ ਮਨੁੱਖ ਦੇ ਹਿਰਦੇ ਵਿਚ ਵੀ ਇਹ ਸੱਚ ਵਿਆਪਕ ਹੋ ਰਿਹਾ ਹੈ -

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਅੰਗ -੧੩

ਇਸ ਆਸ਼ੇ ਤੋਂ ਬਾਣੀ ਦੀ ਵੀਚਾਰ ਕਰਨੀ ਅਤੇ ਗੁਰੂ ਜੀ ਦੇ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਵੇਂ ਅਸੀਂ ਉਪਰ ਕਿਹਾ ਹੈ -ਕਿਵ ਸਚਿਆਰਾ ਹੋਈਐ? ਗੁਰੂ ਜੀ ਅਨੁਸਾਰ ਬਾਹਰਲੀ ਸੁਚਮਤਾ ਰਾਹੀਂ, ਚੁੱਪ ਸਾਧਿਆ, ਮੋਨ ਵਰਤ ਰੱਖਿਆ, ਅੰਦਰ ਦੀ ਚੁੱਪ ਵਿਆਪਕ ਨਹੀਂ ਹੁੰਦੀ, ਨਾ ਹੀ ਮਨ ਸ਼ਾਂਤ ਹੁੰਦਾ ਹੈ, ਨਾ ਸੱਚ ਦੀ ਪਛਾਣ ਹੁੰਦੀ ਹੈ, ਇਸੇ ਤਰ੍ਹਾਂ ਭੁੱਖਿਆਂ ਰਹਿਣ ਨਾਲ, ਵਰਤ ਰੱਖਣ ਨਾਲ ਜਾਂ ਪਦਾਰਥਾਂ ਦੇ ਢੇਰ ਇਕੱਠੇ ਕਰ ਲੈਣ ਨਾਲ ਮਨ ਤ੍ਰਿਪਤ ਨਹੀਂ ਹੁੰਦਾ। ਕੇਵਲ ਤ੍ਰਿਪਤ ਹੋਇਆ, ਸ਼ਾਂਤ ਹੋਇਆ, ਟਿਕਿਆ ਹੋਇਆ ਮਨ ਹੀ ਆਪਣੇ ਦਰਪਣ ਵਿਚੋਂ 'ਸੱਚ' ਦੇ ਦਰਸ਼ਨ ਕਰ ਸਕਦਾ ਹੈ। ਲੱਖਾਂ ਸਿਆਣਪਾਂ, ਚਤੁਰਾਈਆਂ, ਵਿਦਿਅਕ ਪ੍ਰਾਪਤੀਆਂ, ਪੰਡਤਾਈਆਂ ਰਾਹੀਂ 'ਸੱਚ' ਤਕ ਅਪੜਿਆ ਨਹੀਂ ਜਾ ਸਕਦਾ, ਇਹ ਤਾਂ ਪਰਮਾਤਮ-ਹੁਕਮ ਦਾ ਮਾਰਗ ਹੈ, ਧੁਰ ਦੇ ਲਿਖੇ ਫੁਰਮਾਨ ਅਤੇ ਆਗਿਆ ਦੇ ਪਾਲਣ ਦਾ ਰਸਤਾ ਹੈ ਜਿਸ ਹੁਕਮ ਤੋਂ ਇਹ ਰਚਨਾ ਹੋਈ, ਸਾਰੇ ਆਕਾਰ ਹੋਂਦ ਵਿਚ ਆਏ,

ਕਿਰਿਆਸ਼ੀਲ ਹੋਏ ਅਤੇ ਖੈ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੈਵੀ ਹੁਕਮ ਹੁਕਮ ਨੂੰ ਪਛਾਣ ਦਾ ਇਕ ਚਿੰਨ੍ਹ ਇਹ ਦਸਦੇ ਹਨ ਕਿ ਜੋ ਹੁਕਮ ਨੂੰ ਪਛਾਣ ਲੈਂਦਾ ਹੈ, ਉਸ ਦੀ 'ਹਉਮੈ' ਦਾ ਵਿਨਾਸ਼ ਹੋ ਜਾਂਦਾ ਹੈ, ਉਹ ਆਪ ਸਹੇੜੀ ਹੰਗਤਾ ਅਤੇ ਮਮਤਾ ਤੋਂ ਮੁਕਤ ਹੋ ਜਾਂਦਾ ਹੈ -

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ਅੰਗ - ੧

ਇਹ ਹਉਮੈ, ਜੀਵ ਦੀ ਸਹੇੜੀ ਝੂਠੀ ਮੈਂ, ਮੇਰੀ, ਮੇਰ ਤੇਰ ਦਾ ਸਿਰਜਿਆ ਸਾਰਾ ਸੰਸਾਰ ਹੀ ਸਾਰੇ ਵੈਰ ਵਿਰੋਧਾਂ, ਝਗੜਿਆਂ, ਈਰਖਾਵਾਂ ਅਤੇ ਦੋਸ਼ਾਂ ਦੀ ਜੜ੍ਹ ਹੈ। ਇਹੋ 'ਕੂੜ ਦੀ ਪਾਲ' ਹੈ ਜਿਸ ਦੇ ਟੁੱਟਣ ਨਾਲ 'ਸੱਚ' ਪ੍ਰਕਾਸ਼ਮਾਨ ਹੋ ਜਾਂਦਾ ਹੈ। ਧਨ ਅਤੇ ਪਿਰ ਇਕ ਥਾਂ ਇਕ ਸੇਜਾ ਤੇ ਹੀ ਵਸਦੇ ਹਨ, ਮਨੁੱਖ ਦੇ ਹਿਰਦੇ ਵਿਚ ਹੀ ਆਤਮ ਪ੍ਰਮਾਤਮ ਦਾ ਮਿਲਾਪ ਪ੍ਰਾਪਤ ਹੈ, ਵਿਚਿ ਹਉਮੈ ਭੀਤ ਕਰਾਰੀ' ਕਾਰਨ ਮਨੁੱਖ ਭਟਕ ਰਿਹਾ ਹੈ।

'ਸੱਚ' ਅਤੇ 'ਹੁਕਮ' ਦੀ ਪਛਾਣ ਦਾ ਮਾਰਗ ਦਰਸ਼ਨ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ 'ਸੱਚ' ਨਾਮ ਰਾਹੀਂ ਵਿਆਪਕ ਹੋ ਰਿਹਾ ਹੈ, ਸਾਰੇ ਖੰਡਾਂ ਬ੍ਰਹਿਮੰਡਾਂ ਅਤੇ ਜੀਵਾਂ ਦਾ ਆਧਾਰ ਸੱਚ ਨਾਮ ਹੀ ਹੈ। ਸੱਚ ਨਾਮ-ਸਕਤੀ ਰਾਹੀਂ ਸਭਨੀਂ ਥਾਈ ਕਿਰਿਆਸ਼ੀਲ ਹੈ। ਇਸ ਦੀ ਪਛਾਣ ਅਤੇ ਅਨੁਭਵ ਦੇ ਮਾਰਗ ਨੂੰ ਹੀ ਨਾਮ ਮਾਰਗ ਕਿਹਾ ਹੈ-

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥

ਅੰਗ - ੨

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਅੰਗ - ੨

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ਅੰਗ - ੨

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਅਨੁਸਾਰ ਸੱਚ' ਦੀ ਸੋਝੀ ਅਤੇ ਅਨੁਭਵ ਦਾ ਮਾਰਗ 'ਨਾਮ' ਦਾ ਮਾਰਗ ਹੈ। ਨਾਮ ਮਾਰਗ ਦੇ ਤਿੰਨ ਅੰਗ ਦੱਸੇ ਹਨ -

1. ਗਾਵੀਐ 2. ਸੁਣੀਐ 3. ਮਨਿ ਰਖੀਐ ਭਾਉ

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਗ- ੪

ਨਾਮ ਦੇ ਸਰਵਣ ਪੱਖ ਦੀ ਵਿਆਖਿਆ ਜਪੁਜੀ ਦੀਆਂ ਚਾਰ ਪਉੜੀਆਂ 8 ਤੋਂ 11 ਵਿਚ ਪ੍ਰਾਪਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1240 ਉਪਰ ਸੁਣਿਐ ਦੇ ਮਹਾਤਮ ਦੇ ਚਾਰ ਹੋਰ ਸ਼ਬਦ ਪ੍ਰਾਪਤ ਹਨ। ਇਸ ਤਰ੍ਹਾਂ ਹੀ 'ਨਾਮ' ਦੇ ਮੰਨਣ ਪੱਖ ਨੂੰ ਚਾਰ ਪਉੜੀਆਂ (12 ਤੋਂ 15 ਤਕ) ਅਤੇ ਚਾਰ ਵਿਸ਼ੇਸ਼ ਸ਼ਬਦਾਂ (ਅੰਗ 1240) ਅਤੇ ਹੋਰ ਅਨੇਕ ਸ਼ਬਦਾਂ ਵਿਚ ਦਸਿਆ ਹੈ। ਨਾਮ ਨੂੰ 'ਸੁਣਨ' 'ਮੰਨਣ' ਅਤੇ 'ਮਨਿ ਰਖੀਐ ਭਾਉ' ਦੀ ਅਵਸਥਾ, ਸਦਾ ਵਿਗਾਸ ਦੀ ਅਵਸਥਾ ਹੈ, "ਨਾਨਕ ਭਗਤਾ ਸਦਾ ਵਿਗਾਸੁ" ਜਿਸ ਵਿਚ ਕੋਈ ਦੁਖ, ਕੋਈ ਪਾਪ, ਕੋਈ ਵਿਘਨ ਵਿਆਪਕ ਨਹੀਂ ਹੁੰਦਾ। 'ਸੁਣਿਐ ਦੁਖ ਪਾਪ ਕਾ ਨਾਸ।' ਸੱਚ ਦਾ ਧਾਰਨੀ 'ਸਚਿਆਰ' ਹੀ 'ਪੰਚ' ਪਦ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਪ੍ਰਭੂ ਦਰਬਾਰ ਵਿਚ, ਸੱਚ ਦੀ ਦਰਗਾਹ ਵਿਚ ਪ੍ਰਵਾਨਗੀ ਤੇ ਸ਼ੋਭਾ ਮਿਲਦੀ ਹੈ -

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥ ਅੰਗ-੩

ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥ ਅੰਗ- ੭

ਜਿਸ ਮੰਡਲ ਵਿਚ ਨਿਰੰਕਾਰ ਦਾ ਵਾਸਾ ਹੈ, ਉਸ ਨੂੰ ਵੀ ਸੱਚ ਦਾ ਮੰਡਲ 'ਸੱਚ ਖੰਡ' ਨਾਮ ਨਾਲ ਹੀ ਸੰਬੋਧਨ ਕੀਤਾ ਹੈ -

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ- ੮

ਜਪੁਜੀ ਸਾਹਿਬ ਦੇ ਅੰਤ ਤੇ ਜਿਸ 'ਸੱਚੀ ਟਕਸਾਲ' ਦਾ ਜ਼ਿਕਰ ਹੈ, ਜਿਥੇ 'ਸਚਿਆਰੁ' ਦੀ ਘਾੜਤ ਘੜੀ ਜਾਂਦੀ ਹੈ, ਉਸ ਦੇ ਅੰਗ ਦੱਸੇ ਹਨ - (ਜਤੁ), ਬ੍ਰਹਮਚਰਿਆ, ਧੀਰਜੁ, (ਸਬਰ), ਮਤਿ (ਸਮਝ ਸੋਝੀ), ਵੇਦ (ਬ੍ਰਹਮਗਿਆਨ), ਭਉ (ਰੱਬੀ ਡਰ), ਤਪ (ਤਪਸਿਆ, ਮਿਹਨਤ) ਭਾਉ (ਪ੍ਰਭੂ ਪਿਆਰ), ਪ੍ਰਭੂ ਨਦਰ ਸਦਕਾ ਇਨ੍ਹਾਂ ਗੁਣਾਂ ਵਾਲੇ ਹਿਰਦੇ ਰੂਪੀ ਬਰਤਨ ਵਿਚ ਨਾਮ ਅੰਮ੍ਰਿਤ ਦੀ ਫੁਹਾਰ ਦਾ ਰਸ ਚੋਂਦਾ ਹੈ -

ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮

ਥੋੜ੍ਹੇ ਸ਼ਬਦਾਂ ਵਿਚ ਇਹ ਹੈ 'ਸੱਚ ਦਾ ਸਿਧਾਂਤ' ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਰਚਨਾ ਜਪੁਜੀ ਵਿਚ ਪ੍ਰਾਪਤ ਹੈ। ਇਸੇ ਦੀ ਪ੍ਰੌੜਤਾ 'ਆਸਾ ਜੀ ਦੀ ਵਾਰ' ਵਿਚ ਪ੍ਰਾਪਤ ਹੈ। ਇਸੇ ਦੀ ਪ੍ਰੌੜਤਾ

ਸਮੁੱਚੀ ਬਾਣੀ ਵਿਚ ਪ੍ਰਾਪਤ ਹੈ। ਗੁਰੂ ਮਹਾਰਾਜ ਦਸਦੇ ਹਨ ਕਿ 'ਸੱਚ' ਦੀ ਸਰਬ ਵਿਆਪਕਤਾ ਕਾਰਨ ਹੀ ਉਸ ਦੀਆਂ ਸਾਰੀਆਂ ਕਿਰਤਾਂ 'ਸੱਚ' ਰੂਪ ਹਨ, ਸਾਰੇ ਖੰਡ, ਬ੍ਰਹਿਮੰਡ, ਲੋਅ, ਆਕਾਰ, ਸੱਚ ਦਾ ਹੀ ਪ੍ਰਗਟਾਅ ਹਨ, 'ਸੱਚ' ਨਾਲ ਜੁੜਿਆ ਮਨੁੱਖ ਹੀ ਸੱਚ ਸਰੂਪ (ਸਚਿਆਰਾ) ਹੈ, ਸੱਚ ਤੋਂ ਟੁੱਟਿਆ ਕੱਚ ਸਰੂਪ (ਕਚਿਆਰ, ਕੂੜਿਆਰ) ਜੰਮਣ ਮਰਣ ਦੇ ਗੇੜ ਵਿਚ ਪੈ ਜਾਂਦਾ ਹੈ –

ਨਾਨਕ ਸਚੁ ਧਿਆਇਨਿ ਸਚੁ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥ ਅੰਗ – ੪੬੩

ਸਗੋਂ ਇਹ ਸੰਸਾਰ ਉਸ ਸੱਚੇ ਸੁਆਮੀ ਦਾ ਨਿਵਾਸ ਅਸਥਾਨ ਹੈ ਜਿਥੇ ਸਤਿ ਪੁਰਖ ਦਾ ਵਸੇਵਾ ਹੈ–

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਾ ਹੁਕਮਿ ਸਮਾਇ ਲਏ
ਇਕਨ੍ਾ ਹੁਕਮੇ ਕਰੇ ਵਿਣਾਸੁ ॥ ਅੰਗ – ੪੬੩

'ਸਚਿਆਰ' ਪਦ ਦੀ ਪ੍ਰਾਪਤੀ ਦਾ ਸੰਜਮ ਦਸਦਿਆਂ ਗੁਰੂ ਮਹਾਰਾਜ ਫੁਰਮਾਉਂਦੇ ਹਨ ਕਿ ਕੇਵਲ ਸੰਤੋਖੀ ਜੀਵਨ ਵਾਲਾ ਪੁਰਸ਼ ਹੀ ਸੱਚ ਦਾ ਧਾਰਨੀ ਹੋ ਸਕਦਾ ਹੈ ਅਤੇ ਸਿਮਰਨ ਦੀ ਘਾਲਣਾ ਘਾਲ ਸਕਦਾ ਹੈ, ਪਾਪਾਂ ਤੋਂ ਦੂਰ ਰਹਿ ਕੇ, ਜਗਤ ਦੇ ਜੰਜਾਲਾਂ ਨੂੰ ਤੋੜ ਕੇ, ਥੋੜ੍ਹਾ ਅੰਨ ਪਾਣੀ ਛਕਣ ਵਾਲਾ ਜਗਿਆਸੂ ਹੀ ਵਾਹਿਗੁਰੂ ਦੇ ਜਸ ਗਾਇਨ ਰਾਹੀਂ, 'ਸਚਿਆਰ' ਪਦ ਨੂੰ ਪ੍ਰਾਪਤ ਹੁੰਦਾ ਹੈ –

ਸੇਵ ਕੀਤੀ ਸੰਤੋਖੀਈਂ ਜਿਨ੍ਾ ਸਚੋ ਸਚੁ ਧਿਆਇਆ ॥
ਓਨ੍ਾ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਅੰਗ – ੪੬੭

ਇਹ ਨਦਰੁ ਦਾ ਮਾਰਗ ਹੈ, ਜਿਸ ਨੂੰ ਪ੍ਰਭੂ ਬਖਸ਼ਿਸ਼ ਕਰਦਾ ਹੈ, ਓਹੀ ਸੱਚ ਦੀ ਕਮਾਈ ਕਰ ਕੇ ਉਸ ਨੂੰ ਪਾ ਲੈਂਦਾ ਹੈ। ਸੱਚੇ ਗੁਰੂ ਦੇ ਅੰਦਰ ਇਹ ਸੱਚ ਵਿਆਪਕ ਹੁੰਦਾ ਹੈ, ਉਸ ਨੂੰ ਭੇਟਣ ਨਾਲ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਆਪ-ਹੁਦਰੇਪਣ ਨਾਲ, ਹਉਮੈ ਦੀ ਮੂਰਖਤਾ ਨਾਲ, ਸੱਚ ਨੂੰ ਜਾਣਿਆ ਨਹੀਂ ਜਾ ਸਕਦਾ, ਸਗੋਂ ਜੀਵਨ ਨਿਸਫਲ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ
ਤਾ ਤਿਨ੍ਾ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ ਕੈ ਹਿਰਦੈ ਸਚੁ ਵਸਾਇਆ ॥
ਮੂਰਖ ਸਚੁ ਨ ਜਾਣਨ੍ਾ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥ ਅੰਗ – ੪੬੭

ਇਸ ਸਾਰੀ ਵਿਚਾਰ ਦਾ ਸਾਰ ਅਤੇ ਸਤਿ ਸਿਧਾਂਤ ਦਾ ਸਹੀ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਮਨ ਸ਼ਬਦ ਵਿਚ ਦਿਤਾ ਹੈ, ਜਿਸ ਵਿਚ ਆਪ ਜੀ ਦਸਦੇ ਹਨ ਕਿ ਸੱਚ ਦਾ ਅਨੁਭਵ, ਸੱਚ ਦੀ ਪਛਾਣ ਸੱਚੇ ਹਿਰਦੇ ਵਿਚ ਹੀ ਸੰਭਵ ਹੈ, ਕੂੜ ਦੀ ਮੈਲ ਤੋਂ ਮੁਕਤ ਸਵੱਛ ਹਿਰਦਾ ਹੀ ਸੱਚ ਨੂੰ ਧਾਰਨ ਕਰ ਸਕਦਾ ਹੈ, ਸੱਚ ਲਈ ਅੰਦਰ ਸੱਚਾ ਪਿਆਰ ਹੋਵੇ, ਜਦੋਂ ਸੱਚੇ ਨਾਮ ਦਾ ਜ਼ਿਕਰ ਹੋਵੇ ਤਾਂ ਮਨ ਦਾ ਕੰਵਲ ਖਿੜ ਜਾਵੇ। ਸੱਚ ਪ੍ਰਾਪਤੀ ਲਈ ਇਕ ਵਿਸ਼ੇਸ਼ ਜੁਗਤਿ ਧਾਰਨੀ ਪੈਂਦੀ ਹੈ –

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੇ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥
ਅੰਗ– ੪੬੮

'ਸੱਚ' ਨੂੰ ਮਹਾਰਾਜ ਸਰਵੋਤਮ ਮੰਨਦੇ ਹਨ ਪਰ 'ਸੱਚ; ਦੇ ਧਾਰਨੀ, 'ਸਚਿਆਰ' ਨੂੰ ਬਹੁਤ ਉਚੀ ਪਦਵੀ ਬਖਸ਼ੀ ਹੈ –

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ– ੬੨

'ਸੱਚ' ਆਚਾਰ' ਦੇ ਧਾਰਨੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ 'ਬ੍ਰਹਮਗਿਆਨੀ' ਪਦ ਬਖਸ਼ਦੇ ਉਸ ਦੇ ਲੱਛਣ ਦਸਦੇ ਫੁਰਮਾਨ ਕਰਦੇ ਹਨ –

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥
ਅੰਗ – ੨੭੨

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ - ਜੀਵਨ ਤੇ ਕੋਮਲਤਾ ਪ੍ਰਕਾਸ਼ ਪੁਰਬ - 10 ਫਰਵਰੀ 2025

ਪ੍ਰੋ. ਜੋਗਿੰਦਰ ਸਿੰਘ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਸਮੁੱਚਾ ਜੀਵਨ ਕੋਮਲਤਾ ਦਾ ਜੀਵਨ ਸੀ। ਕੋਮਲ ਜੀਵਨ ਸੁਹਜ ਨਾਲ ਵੀ ਭਰਪੂਰ ਹੁੰਦਾ ਹੈ ਤੇ ਸਹਿਜ ਵਿਚ ਵੀ ਵਿਚਰਦਾ ਹੈ। ਸੁਹਜ, ਸਹਜ ਤੇ ਸਾਹਸ ਗੁਰੂ ਹਰਿ ਰਾਇ ਜੀ ਦੀ ਸ਼ਖਸੀਅਤ ਦੇ ਵਿਸੇਸ਼ ਗੁਣ ਸਨ। ਜਿਸ ਕੋਲ ਸੁਹਜ ਹੋਵੇ, ਸਹਿਜ ਤੇ ਸਾਹਸ ਵੀ ਹੋਵੇ, ਉਹ ਅਨੂਪਮ ਤੇ ਲਾਸਾਨੀ ਸ਼ਖਸੀਅਤ ਦਾ ਸੁਆਮੀ ਹੁੰਦਾ ਹੈ। ਗੁਰੂ ਹਰਿ ਰਾਇ ਸਾਹਿਬ ਦੀ ਸ਼ਖਸੀਅਤ ਅਨੂਪਮ ਤੇ ਲਾਸਾਨੀ ਸੀ। ਅਨੂਪਮ ਤੇ ਲਾਸਾਨੀ ਸ਼ਖਸੀਅਤ ਕਰ ਕੇ ਹੀ ਉਹ ਕੋਮਲ ਵੀ ਸਨ ਤੇ ਨਿਡਰ ਵੀ। ਸਾਖੀ ਹੈ, ਕਿ ਗੁਰੂ ਹਰਿ ਰਾਇ ਸਾਹਿਬ ਆਪਣੇ ਸੁਭਾਅ ਅਨੁਸਾਰ ਨਿਰੰਤਰ ਬਾਗ ਵਿਚ ਸੈਰ ਕਰਿਆ ਕਰਦੇ ਸਨ। ਸੈਰ ਵੇਲੇ ਉਹ ਆਮ ਤੌਰ ਤੇ ਖੁੱਲ੍ਹਾ ਕੁੜਤਾ ਪਾਇਆ ਕਰਦੇ ਸਨ, ਜਿਸ ਨੂੰ ਸੂਫੀਆਂ ਜਾਂ ਫਕੀਰਾਂ ਦੀ ਬੋਲੀ ਵਿਚ ਚੋਗਾ ਵੀ ਆਖਿਆ ਜਾਂਦਾ ਸੀ। ਇਕ ਦਿਨ ਬਾਗ ਵਿਚ ਸੈਰ ਕਰ ਰਹੇ ਸਨ, ਤੇ ਸੈਰ ਕਰਦੇ ਪ੍ਰਭੂ-ਸਿਮਰਨ ਦੀ ਮਸਤੀ ਵਿਚ ਜੁੜੇ ਹੋਏ ਸਨ, ਕਿ ਅਚਾਨਕ ਉਹਨਾਂ ਦੇ ਚੋਗੇ ਨਾਲ ਇਕ ਫੁੱਲ ਆਪਣੇ ਅਸਲੇ ਨਾਲੋਂ ਟੁੱਟ ਕੇ ਫੀਤਾ-ਫੀਤਾ ਹੋ ਗਿਆ। ਗੁਰੂ ਹਰਿ ਰਾਇ ਸਾਹਿਬ ਦਾ ਕੋਮਲ ਹਿਰਦਾ ਫੁੱਲ ਨੂੰ ਅਸਲੇ ਨਾਲੋਂ ਟੁੱਟਾ ਵੇਖ ਕੇ ਕਾਫੀ ਸੋਚ-ਜਨਕ ਸੀ, ਕਿ ਗੁਰੂ ਹਰਿਗੋਬਿੰਦ ਜੀ ਵੀ ਸੈਰ ਕਰਦੇ ਮੌਕੇ ਉਤੇ ਆ ਪਹੁੰਚੇ। ਉਹਨਾਂ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਸੋਚ-ਜਨਕ ਅਵਸਥਾ ਨੂੰ ਵੇਖ ਕੇ ਕੁਝ ਹੈਰਾਨੀ ਵੀ ਪ੍ਰਗਟਾਈ ਤੇ ਫਿਰ ਫੁੱਲ ਨੂੰ ਬਿਖਰਿਆ ਹੋਇਆ ਵੇਖ ਕੇ ਪੁੱਛਣ ਲੱਗੇ, ਕਿ ਇਸ ਫੁੱਲ ਨੂੰ ਆਪਣੇ ਅਸਲੇ ਨਾਲੋਂ ਕਿਸ ਨੇ ਤੋੜਿਆ ਹੈ? ਗੁਰੂ ਹਰਿ ਰਾਇ ਜੀ ਦਾ ਉੱਤਰ ਸੀ ਕਿ ਮੇਰੇ ਚੋਗੇ ਨਾਲ ਲਗ ਕੇ ਇਹ ਫੁੱਲ ਟੁੱਟ ਕੇ ਗਿਰ ਗਿਆ ਹੈ। ਗੁਰੂ ਹਰਿਗੋਬਿੰਦ ਜੀ ਨੇ ਸਹਿਜੇ ਹੀ ਆਖ ਦਿਤਾ, ਕਿ ਜਦੋਂ ਸੰਸਾਰ ਵਿਚ ਵਿਚਰੀਦਾ ਹੈ, ਤਾਂ ਆਪਣੇ ਆਪ ਨੂੰ ਸੰਭਾਲ ਕੇ ਰਖੀਦਾ ਹੈ। ਗੁਰੂ ਹਰਿ ਰਾਇ ਜੀ ਦੀ ਕੋਮਲ ਮੂਰਤਿ ਤਾਂ ਪਹਿਲਾਂ ਹੀ ਚਿੰਤਾ ਜਨਕ ਸੀ ਪਰ ਗੁਰੂ ਹਰਿਗੋਬਿੰਦ ਜੀ ਦੀ ਸਤਿ-ਸਿਖਿਆ ਨੇ ਤਾਂ ਉਹਨਾਂ ਦੇ ਜੀਵਨ ਨੂੰ ਹੀ ਬਦਲ ਦਿਤਾ। ਹੁਣ ਗੁਰੂ ਹਰਿਰਾਇ ਜੀ ਨੇ ਆਪਣੇ ਜੀਵਨ ਨੂੰ ਅਧਿਆਤਮਕ-ਕੀਮਤਾਂ ਦੇ ਰੰਗ ਵਿਚ ਰੰਗਣਾ ਸ਼ੁਰੂ ਕਰ ਦਿਤਾ। ਕੋਮਲਤਾ ਤੇ ਸੁਹਜ ਤਾਂ ਉਹਨਾਂ ਨੂੰ ਪ੍ਰਭੂ ਵਲੋਂ ਇਕ ਤੋਹਫੇ ਵਜੋਂ ਮਿਲ ਗਏ ਸਨ, ਪਰ ਅਧਿਆਤਮਿਕ-ਅਭਿਆਸ ਸਦਕਾ ਸਹਿਜ ਤੇ ਸਾਹਸ ਵੀ ਉਹਨਾਂ ਵਿਚ ਪ੍ਰਬਲ ਰੂਪ ਵਿਚ ਛਾ ਗਿਆ।

ਸੁਹਜ, ਸਹਿਜ ਤੇ ਸਾਹਸ ਵਿਚ ਰੱਤੇ ਗੁਰੂ ਹਰਿ ਰਾਇ ਸਾਹਿਬ ਦਾ ਜਨਮ 30 ਜਨਵਰੀ ਸੰਨ 1630 ਈ. ਨੂੰ ਬਾਬਾ ਗੁਰਦਿੱਤਾ ਜੀ ਦੇ ਗ੍ਰੀਹ, ਕੀਰਤਪੁਰ ਵਿਚ ਹੋਇਆ ਸੀ। ਬਾਬਾ ਗੁਰਦਿੱਤਾ ਜੀ ਗੁਰੂ ਹਰਿ ਗੋਬਿੰਦ-ਪਾਤਸ਼ਾਹ ਦੇ ਸਭ ਤੋਂ ਵੱਡੇ ਸਪੁੱਤਰ ਸਨ। ਬਾਬਾ ਧੀਰਮਲ ਬਾਬਾ ਗੁਰਦਿੱਤਾ ਜੀ ਦਾ ਸਭ ਤੋਂ ਵੱਡਾ ਸਪੁੱਤਰ ਸੀ। ਗੁਰੂ ਹਰਿ ਰਾਇ ਜੀ ਉਮਰ ਦੇ ਲਿਹਾਜ਼ ਨਾਲ ਹਰ ਪੱਖੋਂ ਛੋਟੇ ਸਨ, ਭਾਵੇਂ ਗੁਣ-ਨਿਧੀ ਕਾਰਨ ਉਹਨਾਂ ਦੀ ਮਹਿਮਾਂ ਦਾ ਪ੍ਰਚਾਰ ਹਰ ਪਾਸੇ ਸੀ। ਬਾਬਾ ਗੁਰਦਿੱਤਾ ਜੀ ਵੀ ਧਰਮ-ਪਰਵਿਰਤੀਆਂ ਦੇ ਸੁਆਮੀ ਸਨ, ਪਰ ਗੁਰੂ ਹਰਿ ਗੋਬਿੰਦ ਜੀ ਹਾਲਾਂ ਗੁਰ-ਗੱਦੀ ਤੇ ਬਿਰਾਜਮਾਨ ਹੀ ਸਨ ਕਿ 1638 ਈ. ਵਿਚ ਉਹ ਅਕਾਲ ਚਲਾਣਾ ਕਰ ਗਏ। ਬਾਬਾ ਧੀਰਮਲ ਤਾਂ ਪਹਿਲਾਂ ਹੀ ਗੁਰੂ-ਦੋਖੀਆਂ ਦਾ ਸਹਿਯੋਗੀ ਬਣ ਕੇ, ਅਨੇਕ ਤਰ੍ਹਾਂ ਦੀਆਂ ਗੁਰੂ-ਘਰ ਵਿਰੋਧੀ ਸਾਜਸ਼ਾਂ ਕਰਕੇ ਬਦਨਾਮ ਹੋ ਚੁਕਾ ਸੀ। ਗੁਰੂ ਤੇਗ ਬਹਾਦਰ ਜੀ ਵੈਰਾਗ-ਮਈ ਅਵਸਥਾ ਵਿਚ ਡੁੱਬੇ ਹਮੇਸ਼ਾ ਸਮਾਧੀ-ਸਥਿਤ ਰਹਿੰਦੇ ਸਨ। ਬਾਬਾ ਅਟੱਲ ਜੀ ਤਾਂ ਹਾਲਾਂ ਛੋਟੇ ਹੀ ਸਨ ਕਿ ਉਹ ਕਾਲ ਵਸ ਪੈ ਗਏ। ਬਾਬਾ ਅਣੀ ਰਾਏ ਤੇ ਬਾਬਾ ਸੂਰਜ ਮਲ ਆਤਮਕ-ਕੀਮਤਾਂ ਤੋਂ ਸਖਣੇ,

ਨਿਰੋਲ ਦੁਨੀਆਂਦਾਰ ਸਨ। ਇਸ ਲਈ ਗੁਰੂ ਹਰਿ ਗੋਬਿੰਦ ਜੀ ਨੇ ਆਪਣੇ ਸਪੁੱਤਰਾਂ ਪ੍ਰਤੀ ਤਾਂ ਸਪੱਸ਼ਟ ਤੌਰ ਤੇ ਰਾਏ ਬਣਾ ਲਈ ਕਿ ਗੁਰੂ-ਗੱਦੀ ਦੇ ਆਤਮਕ ਤੇ ਇਨਕਲਾਬੀ ਭਾਰ ਨੂੰ ਚੁੱਕਣ ਵਾਸਤੇ ਕੋਈ ਵੀ ਯੋਗ ਨਹੀਂ। ਗੁਰੂ ਹਰਿ ਰਾਇ ਜੀ ਭਾਵੇਂ ਛੋਟੇ ਸਨ, ਪਰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ-ਪੋਤਰਿਆਂ ਤੇ ਆਲੇ ਦੁਆਲੇ ਦੇ ਸਿੱਖਾਂ ਤੇ ਸੁਰੱਖਿਆ ਕਰਨ ਦੇ ਯੋਗ ਸਮਝਿਆ। ਮਾਰਚ 1644 ਈ. ਨੂੰ ਗੁਰੂ ਹਰਿਗੋਬਿੰਦ ਜੀ ਜੋਤੀ ਜੋਤਿ ਸਮਾ ਗਏ, ਪਰ ਜੋਤੀ ਜੋਤਿ ਸਮਾਉਣ ਤੋਂ ਕੁਝ ਦਿਨ ਪਹਿਲਾਂ ਉਹਨਾਂ ਦੇ ਭਰੇ ਦਰਬਾਰ ਵਿਚ ਗੁਰਗੱਦੀ ਦਾ ਛੱਤਰ ਆਪਣੇ ਪੋਤਰੇ ਗੁਰੂ ਹਰਿ ਰਾਇ ਜੀ ਦੇ ਸਿਰ ਉਤੇ ਝੁਲਾ ਦਿਤਾ ਤੇ ਸਰਬ ਸਿੱਖ ਸੰਗਤਾਂ ਨੂੰ ਉਹਨਾਂ ਦੀ ਤਾਬਿਆਂ ਵਿਚ ਰਹਿਣ ਦਾ ਉਪਦੇਸ਼ ਵੀ ਕਰ ਦਿਤਾ।

ਗੁਰੂ ਹਰਿਰਾਇ ਜੀ ਲੱਗਭੱਗ 14 ਸਾਲ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬਿਰਾਜਮਾਨ ਹੋਏ। ਉਹਨਾਂ ਨੇ ਆਪਣਾ ਬਚਪਨ ਬਹੁਤਾ ਕਰਕੇ ਕੀਰਤਪੁਰ ਦੇ ਖੁਲ੍ਹੇ ਮੈਦਾਨਾਂ ਵਿਚ ਬਿਤਾਇਆ, ਖੁੱਲ੍ਹੀ ਕੁਦਰਤ, ਖੁੱਲ੍ਹੇ ਮੈਦਾਨ ਤੇ ਖੁਲ੍ਹੇ ਪਾਣੀਆਂ ਨਾਲ ਉਹਨਾਂ ਨੂੰ ਖਾਸ ਪਿਆਰ ਸੀ। ਭਾਵੇਂ ਉਹਨਾਂ ਨੇ ਕੋਈ ਕਾਵਿ-ਬਾਣੀ ਨਹੀਂ ਰਚੀ, ਪਰ ਉਹਨਾਂ ਦਾ ਸੁਭਾਅ ਤੇ ਵਿਹਾਰ, ਬੋਲ ਤੇ ਵਿਚਰਣ ਦਾ ਅੰਦਾਜ਼ ਕਿਸੇ ਕਵੀ ਦਿਲ ਨਾਲੋਂ ਘਟ ਨਹੀਂ ਸੀ। ਸ਼ਾਇਦ ਇਹੀ ਕਾਰਨ ਹੈ ਕਿ ਉਹਨਾਂ ਨੇ ਆਪਣੇ ਸਹਿਜ ਤੇ ਸੁਹਜ ਉਤੇ ਪੂਰੇ ਸਾਹਸ ਨਾਲ ਪਹਿਰਾ ਦਿਤਾ। ਜਦੋਂ ਗੁਰੂ-ਗੱਦੀ ਦੀ ਵਾਗ ਡੋਰ ਗੁਰੂ ਹਰਿ ਰਾਇ ਜੀ ਨੂੰ ਸੰਭਾਲੀ ਗਈ ਤਾਂ ਦੋਖੀਆਂ ਨੇ ਸ਼ਾਹੀ ਹਾਕਮਾਂ ਨਾਲ ਮਿਲ ਕੇ ਕਈ ਤਰ੍ਹਾਂ ਦੀਆਂ ਸਾਜਸ਼ਾਂ ਰਚਨੀਆਂ ਸ਼ੁਰੂ ਕੀਤੀਆਂ, ਪਰ ਕੋਮਲ ਤੇ ਅਹਿੰਸਕ ਆਤਮਾ ਦੇ ਮਾਲਕ ਗੁਰੂ ਹਰਿ ਰਾਇ ਜੀ ਨੇ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਉਹਨਾਂ ਨੇ ਦ੍ਰਿੜ੍ਹ ਨਿਸਚਾ ਧਾਰ ਲਿਆ ਕਿ ਕਿਸੇ ਹਾਲਤ ਵਿਚ ਵੀ ਸਹਜ, ਸੁਹਜ ਤੇ ਸਾਹਸ ਨਹੀਂ ਛੱਡਣਾ। ਸ਼ਾਹੀ ਹਕੂਮਤ ਭਾਵੇਂ ਹਮਲਾਵਰ ਬਣ ਕੇ ਆਏ, ਯਤਨ ਕਰਨਾ ਹੈ ਕਿ ਉਹਨਾਂ ਨਾਲ ਲੜਾਈ ਨਾ ਕੀਤੀ ਜਾਵੇ। ਗੁਰੂ ਹਰਿ ਰਾਇ ਜੀ ਨੇ ਕੌਮੀ-ਸਕਤੀ ਨੂੰ ਬੁਲੰਦ ਕਰਨ ਵਾਸਤੇ ਕਾਫੀ ਹਿੱਸਾ ਪਾਇਆ ਹੈ। 2200 ਘੋੜ ਸਵਾਰ ਗੁਰੂ ਹਰਿਗੋਬਿੰਦ ਜੀ ਜੀ ਨੇ ਗੁਰੂ-ਗੱਦੀ ਵਿਰਸੇ ਵਿਚ ਵੀ ਉਹਨਾਂ ਨੂੰ ਦਿਤੇ ਸਨ। ਪਰ ਉਹਨਾਂ ਨੇ ਆਪਣੇ ਦਰਬਾਰ ਵਿਚ ਫੌਜਾਂ ਰੱਖਣ ਦੇ ਬਾਵਜੂਦ ਵੀ ਵੇਲੇ ਦੀ ਹਕੂਮਤ ਨਾਲ ਇਕ ਵੀ ਲੜਾਈ ਨਹੀਂ ਕੀਤੀ। ਹਾਲਾਂਕਿ ਲੜਾਈ ਕਰਨ ਲਈ ਕਈ ਮੌਕੇ ਉਹਨਾਂ ਦੇ ਸਮੇਂ ਵਿਚ ਬਣੇ ਸਨ। ਉਹਨਾਂ ਦਾ ਸੁਭਾਅ ਗੁਰੂ ਹਰਿਗੋਬਿੰਦ ਜੀ ਵਾਂਗ ਬੀਰ-ਰਸੀ ਨਹੀਂ ਸੀ। ਪਰ ਉਹ ਕਿਸੇ ਲੜਾਈ ਵਿਚੋਂ ਡਰ ਕੇ ਕਿਸੇ ਇਕਾਂਤ ਮੰਡਲ ਦੇ ਵਾਸੀ ਵੀ ਨਹੀਂ ਬਣੇ। ਵਿਸ਼ੇਸ਼ ਤੌਰ ਤੇ ਜਦੋਂ ਸ਼ਾਹਜਹਾਨ ਦੇ ਪੁੱਤਰਾਂ ਵਿਚ ਰਾਜ-ਗੱਦੀ ਦੀ ਪ੍ਰਾਪਤੀ ਵਾਸਤੇ ਝਗੜਾ ਪਿਆ ਤਾਂ ਉਸ ਵੇਲੇ ਗੁਰੂ ਹਰਿ ਰਾਇ ਜੀ ਕਿਸੇ ਇਕ ਧਿਰ ਨਾਲ ਸਬੰਧਤ ਹੋ ਕੇ ਸ਼ਾਹੀ-ਜਸ ਖੱਟ ਸਕਦੇ ਸਨ। ਚੂੰਕਿ ਬੁਨਿਆਦੀ ਤੌਰ ਤੇ ਉਹ ਸ਼ਾਂਤੀ ਤੇ ਏਕਤਾ-ਪਸੰਦ ਸਨ, ਇਸ ਕਰਕੇ ਉਹਨਾਂ ਨੇ ਵਿਰੋਧਤਾ ਤੇ ਲੜਾਈ ਦੀਆਂ ਗੱਲਾਂ ਵਾਸਤੇ ਬਹੁਤੀ ਦਿਲਚਸਪੀ ਨਹੀਂ ਪ੍ਰਗਟਾਈ। ਇਸ ਤਰ੍ਹਾਂ ਉਹਨਾਂ ਦੀ ਮਹਾਨ ਸ਼ਖਸੀਅਤ ਸ਼ਰਧਾਲੂ ਸਿੱਖਾਂ ਵਿਚ ਵੀ ਨਿਮਰਤਾ, ਮਿੱਠਤ ਤੇ ਸਹਿਣਸ਼ੀਲਤਾ ਦੇ ਬੇਅੰਤ ਗੁਣ ਪੈਦਾ ਕਰ ਗਈ।

ਗੁਰੂ ਹਰਿਰਾਇ ਜੀ ਨੇ ਗੁਰੂ-ਗੱਦੀ ਤੇ ਬੈਠਦਿਆਂ ਹੀ ਇਸ ਦੀ ਆਤਮਕ-ਆਭਾ ਦਾ ਭਰਪੂਰ ਅਨੁਭਵ ਕਰ ਲਿਆ ਸੀ। ਜਿਵੇਂ ਪਹਿਲਾਂ ਗੁਰੂ-ਸ਼ਖਸੀਅਤਾਂ ਨੇ ਧਰਮ-ਪ੍ਰਕਾਸ਼ ਦੇ ਕਰਤੱਬ ਨੂੰ ਢਿੱਲਾ ਨਾ ਪੈਣ ਦਿਤਾ, ਇਸੇ ਤਰ੍ਹਾਂ ਗੁਰੂ ਹਰਿ ਰਾਇ ਜੀ ਨੇ ਵੀ ਸਿੱਖ ਧਰਮ ਦੇ ਪ੍ਰਕਾਸ਼ ਨੂੰ ਪਹਿਲਾਂ ਪੰਜਾਬ ਵਿਚ ਤੇ ਫਿਰ ਪੰਜਾਬੋਂ ਬਾਹਰ ਪ੍ਰਚਾਰਨ ਦਾ ਅਥਾਹ ਯਤਨ ਕੀਤਾ। ਉਹਨਾਂ ਨੇ ਸਿੱਖੀ ਦੇ ਪ੍ਰਚਾਰਕਾਂ ਨਾਲ ਵੀ ਆਪਣੇ ਸਬੰਧ ਜੋੜੇ। ਮਾਲਵੇ ਤੇ ਦੁਆਬੇ ਵਿਚ ਸਿੱਖੀ ਦੀਆਂ ਧੁਮਾਂ ਫਿਰ ਪੈਣ ਲਗ ਪਈਆਂ। ਗੁਰੂ ਹਰਿਗੋਬਿੰਦ ਜੀ ਵੇਲੇ ਸ਼ਕਤੀ ਤੇ ਸ਼ਸਤਰਾਂ ਦਾ ਜੋ ਬਲ ਪਰਦਰਸ਼ਨ ਹੋਇਆ ਸੀ, ਉਸ ਨੂੰ ਵੀ ਆਪਣੀ ਸੂਝ ਤੇ ਸਿਆਣਪ ਨਾਲ ਉਹਨਾਂ ਨੇ ਕਾਫੀ ਬਲ ਦਿਤਾ। ਧਰਮ ਪ੍ਰਕਾਸ਼ ਦਾ ਵੱਡਾ ਫਲ ਇਹ ਹੋਇਆ ਕਿ ਧਰਮ-ਸ਼ਕਤੀ ਫਿਰ ਕੇਂਦਰਿਤ ਹੋ ਗਈ। ਥਾਂ-ਥਾਂ ਤੋਂ ਗੁਰੂ-ਗੱਦੀ ਦੀ ਸੇਵਾ, ਸੰਭਾਲ ਤੇ ਲੰਗਰ ਦੀ ਪਰੰਪਰਾ ਨੂੰ ਸਥਿਰ ਰੱਖਣ ਵਾਸਤੇ ਮਾਇਆ-ਭੇਟ ਵੀ ਆਉਣ ਲਗ ਪਈ। 1658 ਈ. ਵਿਚ ਜਦੋਂ

ਔਰੰਗਜ਼ੇਬ ਆਪਣੇ ਭਰਾਵਾਂ ਨੂੰ ਮਾਰ-ਭਜਾ ਕੇ ਤਖਤ ਉਤੇ ਬੈਠਾ ਤਾਂ ਉਸ ਨੇ ਸਰਬ ਭਾਰਤ-ਵਾਸੀ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਵਾਸਤੇ ਕਈ ਨੀਤੀਆਂ ਦਾ ਵੀ ਐਲਾਨ ਕੀਤਾ ਤੇ ਹਰ ਧਰਮ ਨੂੰ ਮੁਕਾਉਣ ਤੇ ਧਰਮ ਮੰਦਰਾਂ ਨੂੰ ਢਾਹੁੰਣ ਦੀਆਂ ਵਿਉਂਤਾਂ ਵੀ ਬਣਵਾਈਆਂ। ਗੁਰੂ ਹਰਿ ਰਾਇ ਜੀ ਔਰੰਗਜ਼ੇਬ ਦੀਆਂ ਇਹਨਾਂ ਤੁਅੱਸਬੀ ਨੀਤੀਆਂ ਦਾ ਪੂਰੇ ਜ਼ੋਰ ਨਾਲ ਵਿਰੋਧ ਕੀਤਾ। 'ਦਾਰਾ' ਚੂੰਕਿ ਗੱਦੀ ਦਾ ਅਧਿਕਾਰੀ ਵੀ ਸੀ, ਇਸ ਕਰਕੇ ਉਸ ਦੇ ਵਿਰੋਧ ਨੂੰ ਔਰੰਗਜ਼ੇਬ ਨੇ ਹਕੂਮਤ ਦੇ ਵਿਰੁੱਧ 'ਬਗਾਵਤ' ਕਰਾਰ ਦੇ ਦਿਤਾ। ਦਾਰਾ ਤੇ ਉਸ ਦੇ ਪਰਿਵਾਰ ਨੂੰ ਗ੍ਰਿਫਤਾਰ ਕਰਨ ਦੇ ਸਰਕਾਰੀ ਤੌਰ ਤੇ ਪ੍ਰੋਗਰਾਮ ਬਣਾਏ ਗਏ, ਪਰ ਦਾਰਾ ਪੰਜਾਬ ਤੇ ਗੁਰੂ-ਘਰ ਬਾਬਤ ਜਾਣਦਾ ਸੀ, ਕਿ ਇਥੇ ਹਰ ਕਿਸੇ ਦੇ ਧਰਮ, ਪਤਿ, ਵਿਚਾਰ ਤੇ ਆਜ਼ਾਦੀ ਦੀ ਸੁਰੱਖਿਆ ਸੰਭਾਲ ਕੀਤੀ ਜਾਂਦੀ ਹੈ। ਨਾਲੇ ਉਹ ਆਪਣੀਆਂ ਧਾਰਮਿਕ ਪਰਵਿਰਤੀਆਂ ਕਰ ਕੇ ਗੁਰੂ ਹਰਿ ਰਾਇ ਪਾਤਸ਼ਾਹ ਦੇ ਨੇੜੇ ਵੀ ਸੀ। ਸ਼ਾਇਦ ਇਸੇ ਕਰਕੇ 'ਦਾਰਾ' ਆਗਰਾ ਛੱਡ ਕੇ ਆਪਣੇ ਪਰਿਵਾਰ ਸਮੇਤ ਪੰਜਾਬ ਆ ਗਿਆ। ਭਾਵੇਂ ਦਾਰਾ ਜਲਦੀ ਫੜਿਆ ਗਿਆ, ਪਰ ਔਰੰਗਜ਼ੇਬ ਨੂੰ ਮੌਕਾ ਮਿਲ ਗਿਆ ਕਿ ਉਹ ਗੁਰੂ ਘਰ ਦੇ ਪਾਤਿਸ਼ਾਹ ਗੁਰੂ ਹਰਿ ਰਾਇ ਸਾਹਿਬ ਨੂੰ ਪੁੱਛ ਪੜਤਾਲ ਕਰ ਸਕੇ। ਇਹੀ ਸਮਾਂ ਸੀ, ਕਿ ਗੁਰੂ-ਦੋਖੀਆਂ ਨੇ ਵੀ ਔਰੰਗਜ਼ੇਬ ਦੇ ਰਜ-ਰਜ ਕੇ ਕੰਨ ਭਰੇ। ਕਦੀ ਉਸ ਨੂੰ ਆਖਿਆ ਕਿ ਗੁਰੂ ਘਰ ਹਕੂਮਤ ਵਿਰੋਧੀਆਂ ਨੂੰ ਸਹਿਯੋਗ ਕਰਦਾ ਹੈ, ਆਪਣੇ ਧਰਮ ਗ੍ਰੰਥ ਵਿਚ ਮੁਸਲਮਾਨਾਂ ਦੇ ਮੱਤ ਦਾ ਵਿਰੋਧ ਕਰਦਾ ਹੈ, ਆਪਣੇ ਮੰਦਰ ਵਿਚ ਮੁਸਲਮਾਨਾਂ ਨੂੰ ਕਾਫਰ ਬਣਾਨ ਦੇ ਉਪਦੇਸ਼ ਦਿੰਦਾ ਹੈ। ਔਰੰਗਜ਼ੇਬ ਭਾਵੇਂ ਸਿਆਣਾ ਬਾਦਸ਼ਾਹ ਮੰਨਿਆ ਜਾਂਦਾ ਸੀ, ਪਰ ਗੁਰੂ ਘਰ ਦੇ ਵਿਰੋਧੀਆਂ ਦੀਆਂ ਸ਼ਿਕਾਇਤਾਂ ਸੁਣ-ਸੁਣ ਕੇ ਉਸ ਨੇ ਪੱਕੀ ਧਾਰ ਲਈ, ਕਿ ਗੁਰੂ ਹਰਿ ਰਾਇ ਜੀ ਨੂੰ ਬੁਲਾ ਕੇ ਪੁਛਿਆ ਜਾਵੇ ਕਿ ਉਹਨਾਂ ਨੇ ਬਾਗੀ ਦਾਰਾ ਦੀ ਸਹਾਇਤਾ ਕਿਉਂ ਕੀਤੀ? ਤੇ ਕੁਝ ਡਰਾਇਆ ਧਮਕਾਇਆ ਵੀ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨਾਂ ਵਿਰੁੱਧ ਸ਼ਬਦ ਕਿਉਂ ਰਖੇ ਹੋਏ ਹਨ? ਗੁਰੂ ਘਰ ਮੁਸਲਮਾਨਾਂ ਨੂੰ ਕਾਫਰ ਕਿਉਂ ਬਣਾ ਰਿਹਾ ਹੈ? ਜਦੋਂ ਗੁਰੂ ਹਰਿ ਰਾਏ ਜੀ ਨੂੰ ਦਿੱਲੀ ਪਹੁੰਚਣ ਵਾਸਤੇ ਸ਼ਾਹੀ ਸੱਦਾ ਆਇਆ, ਤਾਂ ਉਨ੍ਹਾਂ ਨੇ ਆਪ ਜਾਣ ਦੀ ਥਾਂ ਸਪੁੱਤਰ ਰਾਮ ਰਾਇ ਨੂੰ ਗੁਰੂ-ਘਰ ਦਾ ਪੱਖ ਸਮਝਾ ਬੁਝਾ ਕੇ ਦਿੱਲੀ ਭੇਜ ਦਿਤਾ। ਰਾਮ ਰਾਇ ਸਿਆਣਾ ਸੀ, ਗੁਰੂ-ਘਰ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਵੀ ਜਾਣੂ ਸੀ, ਬਾਣੀ ਦੀ ਵੀ ਸੂਝ ਬੂਝ ਰਖਦਾ ਸੀ, ਪਰ ਜਦੋਂ ਉਹ ਔਰੰਗਜ਼ੇਬ ਦੇ ਦਰਬਾਰ ਵਿਚ ਪਹੁੰਚਿਆ, ਤਾਂ ਸ਼ਾਹੀ ਦਰਬਾਰ ਦੀ ਆਉ-ਭਗਤ ਤੇ ਰੋਹਬ ਦਾਬ ਨੇ ਉਸ ਨੂੰ ਕਾਫੀ ਭਰਮਾ ਦਿਤਾ। ਗੁਰੂ-ਪਿਤਾ ਕੋਲੋਂ ਨਿਡਰਤਾ ਦੀ ਜਿਹੜੀ ਸਿਖਿਆ ਲੈ ਕੇ ਆਇਆ ਸੀ, ਉਹ ਡਰ ਤੇ ਹੰਕਾਰ ਵਿਚ ਸਭ ਕੁਝ ਭੁੱਲ ਗਿਆ। ਔਰੰਗਜ਼ੇਬ ਨੇ ਉਸਨੂੰ 'ਕਰਾਮਾਤ' ਦਿਖਾਉਣ ਵਾਸਤੇ ਆਖਿਆ, ਤਾਂ ਇਕ ਰਵਾਇਤ ਅਨੁਸਾਰ ਉਸ ਨੇ ਹੰਕਾਰ ਵਿਚ ਆ ਕੇ ਕਈ ਕਰਾਮਾਤਾਂ ਵੀ ਦਿਖਾਈਆਂ। ਜਦੋਂ ਔਰੰਗਜ਼ੇਬ ਨੇ, 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥(ਅੰਗ-466) ਬਾਣੀ ਦੀ ਤੁਕ ਦੇ ਅਰਥ ਤੇ ਪ੍ਰਸੰਗ ਬਾਰੇ ਪੁਛਿਆ, ਤਾਂ ਰਾਮ ਰਾਇ ਨੇ ਸ਼ਾਹੀ ਡਰ-ਡਰਾਵੇ ਵਿਚ ਆ ਕੇ ਆਖਿਆ ਕਿ ਇਹ ਬਾਣੀ ਦੀ ਤੁਕ ਇਸ ਤਰ੍ਹਾਂ ਨਹੀਂ ਹੈ ਅਸਲ ਤੁਕ ਇਹ ਹੈ ਕਿ 'ਮਿਟੀ ਬੇਈਮਾਨ ਕੀ ਪੇੜੇ ਪਈ ਕੁਮਿਆਰ' ਔਰੰਗਜ਼ੇਬ ਤਾਂ ਸੰਤੁਸ਼ਟ ਹੋ ਗਿਆ, ਪਰ ਗੁਰੂ ਹਰਿਰਾਇ ਜੀ ਨੇ ਕਰਾਮਾਤਾਂ ਤੇ ਬਾਣੀ-ਅਪਮਾਨ ਦੀ ਵਾਰਤਾ ਜਦੋਂ ਸੁਣੀ ਤਾਂ ਉਹਨਾਂ ਦੇ ਮਨ ਵਿਚ ਰੋਸ ਤੇ ਗੁੱਸਾ ਉਠਿਆ। ਉਹਨਾਂ ਫਿਰ ਸਹਿਜ ਤੇ ਸਾਹਸ ਵਿਚ ਆ ਕੇ ਆਖਿਆ, 'ਕਰਾਮਾਤਾਂ ਦਿਖਾਣ ਵਾਲੇ ਤੇ ਬਾਣੀ ਦਾ ਅਪਮਾਨ ਕਰਨ ਵਾਲੇ ਨੂੰ ਇਹੀ ਸਜ਼ਾ ਹੈ, ਕਿ ਉਸ ਨੂੰ ਮੱਥੇ ਨਾ ਲਗਾਇਆ ਜਾਵੇ, ਉਸ ਨਾਲ ਵਿਹਾਰ ਨਾ ਰਖਿਆ ਜਵੇ, ਉਸ ਦੀ ਖੁਸ਼ੀ-ਗਮੀ ਵਿਚ ਹਿੱਸੇਦਾਰ ਨਾ ਬਣਿਆ ਜਾਵੇ। ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਨੂੰ ਵੀ ਸੁਨੇਹਾ ਘਲ ਦਿਤਾ ਕਿ ਕੀਰਤਪੁਰ ਨਾ ਆਉਣਾ ਅਤੇ ਨਾਲ ਹੀ ਸਿੱਖਾਂ ਨੂੰ ਵੀ ਹਦਾਇਤ ਕਰ ਦਿਤੀ ਕਿ ਰਾਮ ਰਾਇ ਦਾ ਕੋਈ ਵੀ ਦਰਸ਼ਨ ਨਾ ਕਰੇ। ਜਦੋਂ ਰਾਮ ਰਾਇ ਨੇ ਗੁਰੂ-ਨਿਰਣੇ ਦੇ ਵਾਕ ਸੁਣੇ, ਉਹ ਹੈਰਾਨ ਵੀ ਬੜਾ ਹੋਇਆ ਤੇ ਪਰੇਸ਼ਾਨ ਵੀ। ਗੁਰਸਿੱਖਾਂ ਤੋਂ ਡਰਦਾ ਹੋਇਆ ਹੀ ਉਹ ਕੀਰਤਪੁਰ ਵਾਪਿਸ ਆਉਣ ਦੀ ਥਾਂ ਉਹ

ਲਾਹੌਰ ਪਹੁੰਚ ਗਿਆ ਤੇ ਗੁਰ-ਗੱਦੀ ਪ੍ਰਾਪਤ ਕਰਨ ਵਾਸਤੇ ਸ਼ਾਹੀ ਸਹਿਯੋਗ ਨਾਲ ਸਾਜਸ਼ ਕਰਨ ਲਗ ਪਿਆ। ਗੁਰੂ ਹਰਿ ਰਾਇ ਵਿਰੁੱਧ ਬੋਲਣਾ ਤਾਂ ਉਸ ਨੇ ਆਪਣਾ ਪੇਸ਼ਾ ਹੀ ਬਣਾ ਲਿਆ।

ਗੁਰੂ ਹਰਿ ਰਾਇ ਜੀ ਭਾਵੇਂ ਕੋਮਲ ਹਿਰਦੇ ਦੇ ਮਾਲਕ ਸਨ, ਪਰ ਉਹਨਾਂ ਨੇ ਨਾ ਰਾਮ ਰਾਇ ਦੀ ਵਿਰੋਧਤਾ ਦੀ ਪਰਵਾਹ ਕੀਤੀ ਅਤੇ ਨਾ ਹੀ ਸ਼ਾਹੀ ਹਕੂਮਤ ਦੀ। ਸਹਜ ਤੇ ਸੁਹਜ ਵਿਚ ਵਿਚਰਦਿਆਂ ਉਹਨਾਂ ਨੇ ਸਾਹਸ ਨੂੰ ਛੱਡਿਆ ਨਹੀਂ। ਰਾਮ ਰਾਇ ਭਾਵੇਂ ਵੱਡਾ ਸਪੁੱਤਰ ਸੀ, ਪਰ ਗੁਰੂ ਜੀ ਨੇ ਜਾਣ ਲਿਆ ਸੀ, ਕਿ ਇਹ ਗੁਰੂ ਗੱਦੀ ਦਾ ਅਧਿਕਾਰ ਪ੍ਰਾਪਤ ਕਰਨ ਦੇ ਯੋਗ ਨਹੀਂ। ਇਸੇ ਕਰਕੇ ਗੁਰੂ-ਗੱਦੀ ਤੋਂ ਉਸ ਨੂੰ ਵੰਚਿਤ ਵੀ ਰਖਿਆ ਗਿਆ। ਗੁਰੂ ਹਰਿ ਕ੍ਰਿਸ਼ਨ ਜੀ ਭਾਵੇਂ ਛੋਟੇ ਸਨ, ਪਰ ਉਹਨਾਂ ਦੀ ਬਿਬੇਕ ਬੁੱਧੀ, ਉਚੀ ਤੇ ਸੁੱਚੀ ਸੁਰਤਿ, ਨਾਮ-ਸਿਮਰਤੀ ਦਾ ਅਖੰਡ ਵਾਸ ਤੇ ਸੁਹਣੀ ਤੇ ਸੁਘੜ ਸ਼ਖਸੀਅਤ ਨੇ ਗੁਰੂ ਹਰਿ ਰਾਇ ਜੀ ਤੋਂ ਗੁਰੂ-ਗੱਦੀ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਕਰ ਲਿਆ। ਗੁਰੂ ਹਰਿ ਰਾਇ ਜੀ ਨੇ ਆਪਣੇ ਜੀਵੰਦਿਆਂ ਹੀ ਅਕਤੂਬਰ 1661 ਈ. ਵਿਚ ਆਪਣੇ ਛੋਟੇ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਛੱਤਰ ਪ੍ਰਦਾਨ ਕਰ ਦਿਤਾ।

ਗੁਰੂ-ਗੱਦੀ ਉਤੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਿਠਾ ਕੇ ਕੁਝ ਦਿਨਾਂ ਬਾਅਦ ਹੀ ਗੁਰੂ ਹਰਿ ਰਾਇ ਜੀ 6 ਅਕਤੂਬਰ 1661 ਈ. ਨੂੰ, 31 ਸਾਲ ਦੀ ਉਮਰ ਬਿਤਾ ਕੇ ਕੀਰਤਪੁਰ ਵਿਚ ਹੀ ਜੋਤੀ ਜੋਤਿ ਸਮਾ ਗਏ। ਲੱਗਭੱਗ 17 ਸਾਲ ਗੁਰੂ ਘਰ ਦੀ ਉਹਨਾਂ ਨੇ ਪੂਰੇ ਸਾਹਸ ਨਾਲ ਸੰਭਾਲ-ਸੁਰੱਖਿਆ ਕੀਤੀ ਤੇ ਥਾਂ-ਥਾਂ ਉਤੇ ਪਹੁੰਚ ਕੇ ਸਿੱਖ ਧਰਮ ਦੀਆਂ ਸ਼ਾਨਦਾਰ ਰਵਾਇਤਾਂ ਦਾ ਬੜੇ ਸਾਹਸ ਤੇ ਸਹਜ ਨਾਲ ਪ੍ਰਚਾਰ ਵੀ ਕੀਤਾ।

ਗੁਰੂ ਹਰਿ ਰਾਇ ਜੀ ਦੀ ਜੀਵਨ-ਕ੍ਰਿਆ ਸੱਚਮੁੱਚ ਹੀ ਕੋਮਲਤਾ ਤੇ ਨਿਡਰਤਾ ਦਾ ਸਾਖਿਆਤ ਦਰਸ਼ਨ ਹੈ।

(ਪੰਨਾ 9 ਦੀ ਬਾਕੀ)

ਇਕ ਸੱਚ ਦੇ ਲੜ ਲਗ ਕੇ ਉਨ੍ਹਾਂ ਦੇ ਕੂੜੇ ਲਾਲਚ ਖਤਮ ਹੋ ਗਏ। ਉਸ ਦੇ ਪਿਆਰ ਵਿਚ ਲਬਾਲਬ ਭਰੇ ਹੁੰਦੇ ਹਨ -

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥

ਕਿਉਂਕਿ ਉਹ ਇਕ ਦਾ ਹੀ ਸਿਮਰਨ ਕਰਦੇ ਹਨ। ਉਸ ੧ੴ ਇਕ ਨਾਲ ਹੀ ਜੁੜੇ ਹੁੰਦੇ ਹਨ-

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥

ਅਖੀਰ ਵਿਚ ਸੱਚੇ ਪਾਤਸ਼ਾਹ ਸਾਨੂੰ ਬਖਸ਼ਿਸ਼ ਕਰ ਰਹੇ ਹਨ ਕਿ-

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

ਸਾਰੀਆਂ ਥਿਤਾਂ, ਘੜੀਆਂ, ਦਿਹਾੜੇ ਅਤੇ ਮਹੀਨੇ ਭਲੇ ਹਨ ਭਾਵ ਸੋਭਨੀਕ ਹਨ, ਸੁਹਾਵਣੇ ਹਨ ਜਦੋਂ ਉਸ ਦੀ ਨਦਰਿ ਸਵੱਲੀ ਹੋਵੇ -

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥
ਅੰਗ - ੪੪

ਭਾਵ -

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥
ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥
ਘੜੀ ਮੂਰਤ ਸਿਮਰਤ ਪਲ ਵੰਞਹਿ
ਜੀਵਣੁ ਸਫਲੁ ਤਿਥਾਈ ਜੀਉ ॥ *ਅੰਗ - ੧੦੭*

ਇਸ ਕਰਕੇ ਅਰਦਾਸ ਹੈ ਕਿ ਸਾਨੂੰ ਆਪਣੇ ਦਰਸ਼ਨ ਦਾ ਦਾਨ ਬਖਸ਼ੋ।

ਭਾਵ -

ਦਰਸਨ ਪਿਆਸੀ ਦਿਨਸੁ ਰਾਤਿ
ਚਿਤਵਉ ਅਨਦਿਨੁ ਨੀਤ ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥
ਅੰਗ - ੭੦੩

ਭਾਵ -

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥

ਕ੍ਰਿਪਾ ਕਰਕੇ ਆਪਣੇ ਦਰਸ਼ਨਾਂ ਦਾ ਦਾਨ ਸਾਡੀ ਝੋਲੀ ਵਿਚ ਪਾ ਦਿਉ ਤਾਂ ਜੋ ਸਾਡਾ ਲੋਕ ਤੇ ਪ੍ਰਲੋਕ ਸੁਹੇਲਾ ਹੋ ਸਕੇ -

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ *ਅੰਗ - ੨੯੩*

ਭਗਤ ਰਵਿਦਾਸ ਜੀ ਦਾ ਸਮਾਨਤਾ ਦਾ ਪੈਗਾਮ (ਅਵਤਾਰ ਦਿਵਸ - 12 ਫਰਵਰੀ 2025)

ਡਾ. ਕੀਰਤ ਸਿੰਘ ਇਨਕਲਾਬੀ

ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਵਿਚੋਂ ਭਾਰਤਵਾਸੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਇਕ ਮਾਣਯੋਗ, ਦਾਰਸ਼ਨਿਕ, ਸਾਹਿਤਕ, ਭਾਸ਼ਾਈ ਅਤੇ ਸਭਿਆਚਾਰਕ ਵਿਰਸਾ ਹੈ ਜਿਸ ਤੋਂ ਉਤਸ਼ਾਹ, ਪ੍ਰੇਰਨਾ ਅਤੇ ਪ੍ਰਭਾਵ ਲੈਣਾ ਜ਼ਰੂਰੀ ਬਣ ਜਾਂਦਾ ਹੈ। ਦਸਾਂ ਪਾਤਸ਼ਾਹੀਆਂ ਦੀ ਜੋਤ, ਜੁਗੋ ਜੁਗ ਅਟੱਲ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਸਤਿਕਾਰਯੋਗ ਭਗਤ ਸਾਹਿਬਾਨ ਦੀ ਬਾਣੀ ਅੰਕਿਤ ਹੈ। ਜਿਸ ਵਿਚ ਭਗਤ ਰਵਿਦਾਸ ਜੀ ਨੂੰ ਸਤਿਕਾਰਤ ਦਰਜਾ ਪ੍ਰਾਪਤ ਹੈ।

ਭਗਤ ਰਵਿਦਾਸ ਜੀ ਦੀ ਬਾਣੀ 'ਚ ਵਾਹਿਗੁਰੂ ਦੀ ਭਗਤੀ ਦਾ ਰਾਹ ਹੈ। ਵਾਹਿਗੁਰੂ ਸਾਹਮਣੇ ਜਾ ਕੇ ਖੜੌਣ ਅਤੇ ਫਿਰ ਲੀਨ ਹੋਣ ਦੀ ਦਿਸ਼ਾ ਪ੍ਰਧਾਨ ਕਰਦੀ ਹੈ। ਉਸ ਬਾਣੀ ਵਿਚ ਕਰਮਾਂ 'ਤੇ ਜ਼ੋਰ ਦਿਤਾ ਗਿਆ ਹੈ। ਫਿਰ ਵਾਹਿਗੁਰੂ ਦੀ ਮਿਹਰ ਚਾਹੀਦੀ ਹੈ, ਪਰਮਾਤਮਾ ਹੀ ਨੀਚਾਂ ਨੂੰ ਉੱਚਾ ਬਣਾ ਦਿੰਦਾ ਹੈ। ਇਸ ਨੂੰ ਉਹ ਕਈ ਵਾਰ ਦ੍ਰਿੜ੍ਹ ਕਰਦੇ ਹਨ -

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥
ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥

ਅੰਗ- ੧੧੦੬

ਪ੍ਰਭੂ ਭਗਤੀ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ। ਵਾਹਿਗੁਰੂ ਸਰਬ ਸਿਰਜਣਹਾਰ, ਸਰਬ ਪਾਲਣਹਾਰ ਹੈ ਤੇ ਸਰਬ ਵਿਨਾਸ਼ਕਾਰ ਹੈ। ਜਿਸ 'ਤੇ ਉਸ ਦੀਆਂ ਬਖਸ਼ਿਸ਼ਾਂ ਦੀ ਰਹਿਮਤ ਦੀ ਬਾਰਿਸ਼ ਹੋ ਜਾਵੇ ਉਹ ਸਫਲਤਾ ਤੇ ਖੁਸ਼ੀਆਂ ਪ੍ਰਾਪਤ ਕਰੀ ਜਾਂਦਾ ਹੈ। ਸੋ ਵਾਹਿਗੁਰੂ 'ਤੇ ਵਿਸ਼ਵਾਸ਼ ਨਾਲ ਹੀ ਉਸ ਦੀਆਂ ਮਿਹਰਾਂ ਪ੍ਰਾਪਤ ਹੁੰਦੀਆਂ ਹਨ। ਆਪ ਜੀ ਦੀ ਬਾਣੀ ਹੈ। -

ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ ॥ ੧ ॥ ਅੰਗ- ੮੫੮

ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ- ੮੫੮

ਭਗਤ ਰਵਿਦਾਸ ਜੀ ਦਾ ਜਨਮ ਵਾਰਾਨਸੀ (ਬਨਾਰਸ) ਵਿਚ ਹੋਇਆ ਹੈ। ਬਨਾਰਸ ਉਨ੍ਹਾਂ ਦਿਨਾਂ ਵਿਚ ਬ੍ਰਾਹਮਣਵਾਦਾਂ ਦੇ ਪ੍ਰਵਾਹ ਦਾ ਮੁੱਖ ਕੇਂਦਰ ਸੀ। ਗੰਗਾ ਦਰਿਆ ਤੇ ਕੰਢੇ ਵੱਸੇ ਸ਼ਹਿਰ ਵਿਚ ਵੱਖ-ਵੱਖ ਵਿਚਾਰਧਾਰਾਵਾਂ ਦੇ ਪ੍ਰਵਾਹ ਉੱਠੇ ਸਨ। ਭਾਰਤੀ ਸਮਾਜ ਦੀ ਬਣਤਰ ਵਿਚ ਜਾਤ-ਪਾਤ ਤੇ ਵਰਣਵਾਦੀ-ਵਿਚਾਰਧਾਰਾ, ਮਾਰੂ ਤੇ ਹਾਨੀਕਾਰਕ ਸਿੱਧ ਹੋਈ ਹੈ। ਇਸ ਵਿਚਾਰਧਾਰਾ ਦੇ ਬਾਨੀ ਸ੍ਰੀ ਮਨੂੰ ਜੀ ਸਨ। ਉਸ ਦਾ ਵਰਣ ਸਿਧਾਂਤ ਉਸ ਸਮੇਂ ਦੇ ਭਾਰਤੀ ਸਮਾਜ ਲਈ ਸਮਾਜਿਕ ਨਾ-ਬਰਾਬਰੀ ਲਈ ਜ਼ਿੰਮੇਵਾਰ ਸੀ। ਇਸ ਜ਼ਿੱਲ੍ਹਤ ਨੂੰ ਗਲੋਂ ਲਾਹੁੰਣ ਲਈ ਭਾਰਤ ਵਾਸੀਆਂ ਨੂੰ ਇਕ ਲੰਮਾ ਸੰਘਰਸ਼ ਕਰਨਾ ਪਿਆ।

ਭਗਤ ਰਾਮਾਨੁਜ ਜੀ ਨੇ ਸਰਗੁਣ-ਭਗਤੀ ਲਹਿਰ ਦੀ ਪਰੰਪਰਾ ਚਲਾਈ। ਇਸ ਵਿਚਾਰਧਾਰਾ ਦਾ ਭਾਰਤੀਆਂ ਨੇ ਬੜੇ ਚਾਹ ਨਾਲ ਸੁਆਗਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀਕਾਰਾਂ ਨੂੰ ਪ੍ਰੇਮ ਜਾਂ ਭਗਤੀ ਰਾਹੀਂ ਹਿੰਦੂ, ਮੁਸਲਿਮ ਤੇ ਸਿੱਖ ਏਕਤਾ ਨੂੰ ਇਕ ਮੰਚ 'ਤੇ ਲਿਆ ਕੇ ਮਾਨਵਵਾਦ ਅਤੇ ਮਨੁੱਖੀ-ਏਕਤਾ ਵਲ ਪ੍ਰੇਰਿਤ ਕੀਤਾ।

ਭਗਤ ਰਵਿਦਾਸ ਜੀ ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਪ੍ਰਮੁੱਖ ਭਗਤਾਂ 'ਚੋਂ ਇਕ ਮੰਨੇ ਜਾਂਦੇ ਹਨ। ਭਗਤ ਰਵਿਦਾਸ ਜੀ ਦੂਰ-ਅੰਦੇਸ਼ੀ ਸਨ। ਉਹ ਅੰਤਰਮੁਖੀ ਹੋ ਕੇ ਆਪਣੇ ਵਲ ਸੰਕੇਤ ਕਰਦੇ ਹਨ-

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥

ਅੰਗ - ੪੮੬

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ॥

ਅੰਗ - ੬੫੮

ਉਹ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ ਕਿ ਮੈਂ ਅਖੌਤੀ ਨੀਵੀਂ ਜਾਤ ਦਾ ਹਾਂ -

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥ ੧ ॥ ਰਹਾਉ ॥

ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥ ੧ ॥ ਅੰਗ- ੬੫੯

ਉਹ ਆਪਣੇ ਆਪ ਨੂੰ ਖਾਲਸ ਚਮਾਰ ਕਹਿਣ ਵਿਚ ਗੌਰਵ ਸਮਝਦੇ ਸਨ। ਉਨ੍ਹਾਂ ਹਮੇਸ਼ਾਂ ਕਿਰਤ ਕਰਨ ਨੂੰ ਵਡਿਆਇਆ ਹੈ। ਕਿਰਤ ਸਦਕਾ ਹੀ, ਕਰਮ ਸਦਕਾ ਹੀ ਭਗਤ ਰਵਿਦਾਸ ਜੀ ਨੂੰ ਵਡਿਆਈ ਤੇ ਉੱਤਮਤਾ ਮਿਲੀ ਹੈ। ਉਨ੍ਹਾਂ ਦੀ ਆਪਣੀ ਸ਼ਖਸ਼ੀਅਤ ਇਸ ਸੱਚਾਈ 'ਤੇ ਨਿਰਭਰ ਕਰਦੀ ਹੈ -

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਅੰਗ- ੧੧੦੬

ਉਨ੍ਹਾਂ ਦੀ ਤਾਲੀਮ ਦੀ ਮੁੱਖ ਧੁਰਾ ਇਹ ਹੈ ਕਿ ਮਨੁੱਖਾ ਜੀਵਨ ਆਤਮਾ ਹੈ ਜੋ ਉਸ ਪਰਮ+ਆਤਮਾ ਪਰਮਾਤਮਾ) ਨੂੰ ਮਿਲਣ ਲਈ ਤੀਬਰ ਹੈ। ਭਗਤੀ ਪ੍ਰਭੂ-ਮਿਲਾਪ ਤੇ ਪ੍ਰਭੂ-ਪ੍ਰੇਮ ਦਾ ਇਕ ਅਹਿਮ ਜ਼ਰੀਆ ਹੈ। ਉਨ੍ਹਾਂ ਦੀ ਬਾਣੀ ਵਿਚ ਪਿਆਰ, ਭਗਤੀ ਦੀ ਤੀਬਰਤਾ ਤੇ ਤੀਖਣਤਾ ਪ੍ਰਗਟ ਹੁੰਦੀ ਹੈ।

'ਪ੍ਰੇਮ ਕੀ ਜੇਵਰੀ ਬਾਧਿਓ ਤੇਰੇ ਜਨ' ਵਾਹਿਗੁਰੂ ਪ੍ਰੇਮ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਬਿੰਬਾਂ, ਰੂਪਕਾਂ ਤੇ ਪ੍ਰਤੀਕਾਂ ਵਿਚ ਕੀਤਾ ਹੈ -

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥
ਅੰਗ - ੬੫੮

ਭਗਤ ਰਵਿਦਾਸ ਜੀ ਨੇ ਭਾਰਤੀ ਅਧਿਆਤਮਿਕਤਾ ਦ੍ਰਿਸ਼ਟੀ ਤੋਂ ਮਨੁੱਖੀ ਹੋਂਦ ਨੂੰ ਪੰਛੀ ਨਾਲ ਉਪਮਾ ਦਿਤੀ ਹੈ। ਉਨ੍ਹਾਂ ਬੜੇ ਹੀ ਪ੍ਰਭਾਵਸ਼ਾਲੀ ਬਿੰਬਾਂ ਰਾਹੀਂ ਅੰਕਿਤ ਕੀਤਾ ਹੈ -

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥
ਅੰਗ- ੬੫੯

ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਫਸਿਆ ਹੋਇਆ ਹੈ। ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਉਸ ਦੇ ਮੁਕਤੀ-ਮਾਰਗ ਵਿਚ ਰੋੜੇ ਅਟਕਾਉਂਦੇ ਹਨ। ਧਰਤੀ ਦੇ ਸਾਰੇ ਜੀਵ-ਜੰਤੂ ਆਪਣੇ-ਆਪਣੇ ਕਰਮਾਂ ਦਾ ਫਲ ਭੁਗਤਦੇ ਹਨ। ਮਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਸ ਪੈ ਕੇ ਸਦਾ ਭਟਕਦਾ ਰਹਿੰਦਾ ਹੈ। ਆਵਾਗਵਣ ਦੇ ਚੱਕਰ 'ਚੋਂ ਨਿਕਲਣ ਲਈ ਸ਼ੁਭ ਕਰਮਾਂ ਦੀ ਜ਼ਰੂਰਤ ਹੁੰਦੀ ਹੈ। ਸੋ ਸ਼ੁਭ ਕਰਮਾਂ ਵਿਚ ਲਿਵ ਲਾਉਣ ਲਈ ਪ੍ਰਭੂ-ਭਗਤੀ 'ਤੇ ਬਲ ਦੇਣਾ ਜ਼ਰੂਰੀ ਹੈ।

ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥ ੨ ॥ ਅੰਗ- ੭੯੪

ਸ਼ੁਭ ਕਰਮਾਂ ਦੇ ਸਾਥ ਨਾਲ ਭਾਉ-ਭਾਵ ਪੈਦਾ ਹੁੰਦਾ ਹੈ ਜੋ ਭਗਤੀ ਲਈ ਜ਼ਰੂਰੀ ਸ਼ਰਤ ਹੈ। ਮਨੁੱਖ ਉਸ ਇਕੱਠ ਤੋਂ ਵਾਰੇ ਜਾਂਦਾ ਹੈ, ਜਿੱਥੇ ਨਾਮ ਦਾ ਸੰਕਲਪ ਹੋਵੇ। ਨਾਮ ਦੇ ਸੰਕਲਪ ਵਾਲੀ ਸੰਗਤ ਸਦਾ ਲਾਭਕਾਰੀ ਹੁੰਦੀ ਹੈ -

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਅੰਗ- ੬੯੪

ਭਗਤ ਰਵਿਦਾਸ ਜੀ ਦੀ ਬਾਣੀ ਮਨੁੱਖੀ ਏਕਤਾ ਤੇ ਸਰਬ ਸਾਂਝੀਵਾਲਤਾ ਦੀ ਸਮਰਥਕ ਹੈ। ਉਨ੍ਹਾਂ ਮਨੁੱਖ ਦੀਆਂ ਬਣਾਈਆਂ ਦੀਵਾਰਾਂ ਵਿਰੁੱਧ ਅਵਾਜ਼ ਉਠਾਈ। ਉਨ੍ਹਾਂ ਮੰਦਰ-ਮਸਜਿਦਾਂ ਨੂੰ ਰੱਬ ਦਾ ਘਰ ਆਖਿਆ। ਉਨ੍ਹਾਂ 'ਮਾਨਵ ਸਭੀ ਸਮਾਨ' ਦੇ ਸਿਧਾਂਤ ਨੂੰ ਉਤਮਤਾ ਪ੍ਰਦਾਨ ਕੀਤੀ।

ਚੰਗੀ, ਸ਼ੁਭ ਕਰਮਾਂ ਵਾਲੀ ਤੇ ਮਾਨਵ ਦੇ ਭਲੇ ਨਾਲ ਭਰਪੂਰ ਉਨ੍ਹਾਂ ਦੀ ਬਾਣੀ ਹਰ ਇਨਸਾਨ ਨੂੰ ਸੱਚੇ ਸੁੱਚੇ ਜੀਵਨ ਦਾ ਸਦੀਵੀ ਸੰਦੇਸ਼ਾ ਦੇ ਰਹੀ ਹੈ।

ਭਗਤ ਰਵਿਦਾਸ ਜੀ ਦਾ ਵਿਅਕਤੀਤਵ ਅਨੁਭਵ ਅਧਿਆਤਮਿਕ ਸੀ। ਜਿਸ ਦਾ ਮੰਤਵ ਸੀ ਇਕ ਈਸ਼ਵਰ ਵਿਚ ਵਿਸ਼ਵਾਸ਼ ਕਰਨਾ, ਮਾਨਵਤਾ ਲਈ ਪ੍ਰੇਮ-ਭਾਵਨਾ ਪੈਦਾ ਕਰਨਾ, ਈਰਖਾ ਨੂੰ ਰੱਦ ਕਰਨਾ, ਜ਼ਾਤ-ਪਾਤ, ਛੂਤ-ਛਾਤ, ਮੂਰਤੀ ਪੂਜਾ ਤੇ ਫੋਕੇ ਕਰਮ-ਕਾਂਡਾਂ ਦਾ ਵਿਰੋਧ ਕਰਨਾ ਹੈ। ਲੋਕ ਚਿੰਤਨ ਨੂੰ ਲੋਕ-ਲਹਿਰ ਵੱਲ ਰੁਚਿਤ ਕਰਨ ਲਈ ਉਨ੍ਹਾਂ ਕਾਵਿ ਮਾਧਿਅਮ ਨੂੰ ਚੁਣਿਆ।

ਗੁਰਬਾਣੀ ਅਰਥ ਭੰਡਾਰ

ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ

(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-49)

ੴ ਸਤਿਗੁਰ ਪ੍ਰਸਾਦਿ ॥
ਸਿਰੀਰਾਗੁ ਮਹਲਾ ੧ ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਾਲਕ ਬੁਧਿ ਅਚੇਤੁ ॥

ਸਤਿਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਜਣਾ! ਤੇਰੀ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦੇ ਹਿੱਸੇ ਵਿਚ ਬਾਲਕ ਦੀ ਅਵਸਥਾ ਹੈ। ਇਥੇ ਗੁਰੂ ਸਾਹਿਬ ਗਰਭ ਦੀ ਅਵਸਥਾ ਛੱਡਦੇ ਹਨ। ਬਾਲਕ ਅਵਸਥਾ ਤੋਂ ਸ਼ੁਰੂ ਕਰਦੇ ਹੋਏ ਮਹਾਰਾਜ ਸਾਹਿਬ ਫੁਰਮਾਨ ਕਰਦੇ ਹਨ ਕਿ ਹੇ ਜੀਵ! ਬਾਲਕ ਅਵਸਥਾ ਵਿਚ ਬੁੱਧੀ ਅਚੇਤੁ=ਬੇਸਮਝ ਹੁੰਦੀ ਹੈ। ਭੁੱਲ ਵਿਚ ਲਿਵ ਟੁੱਟ ਜਾਂਦੀ ਹੈ। ਤੂੰ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ। ਤੂੰ ਐਸਾ ਚੇਤੇ ਕਰ ਜਿਵੇਂ ਭਗਤ ਧੰਨੇ ਨੇ ਬਾਲਕ ਅਵਸਥਾ ਵਿਚ ਪਰਮੇਸ਼ਰ ਨੂੰ ਪਾ ਲਿਆ।

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ
ਮਾਤ ਪਿਤਾ ਸੁਤ ਹੇਤੁ ॥

ਹੇ ਜੀਵ ਰੂਪੀ ਵਣਜਾਰਿਆ ਮਿਤ੍ਰਾ=ਸੱਜਣਾ! ਤੈਨੂੰ ਮਾਤਾ ਖੀਰੁ=ਦੁੱਧ ਪਿਲਾਉਂਦੀ ਰਹਿੰਦੀ ਹੈ ਅਤੇ ਹੋਰ ਪਰਿਵਾਰ ਦੇ ਬਾਕੀ ਸਾਰੇ ਭੈਣ-ਭਰਾ ਆਦਿ ਤੈਨੂੰ ਖੇਲਾਈਐ=ਖਿਡਾਉਂਦੇ ਰਹਿੰਦੇ ਹਨ। ਮਾਤਾ ਪਿਤਾ ਇਉਂ ਆਪਣੇ ਸੁਤ=ਪੁੱਤਰ ਨਾਲ ਹੇਤੁ=ਪਿਆਰ ਕਰਦੇ ਹਨ ਕਿ ਇਹ ਸਾਡੀ ਕੁਲ ਨੂੰ ਵਧਾਉਣ ਵਾਲਾ ਸਾਡੀ ਕੁਲ ਨੂੰ ਦੁਨੀਆਂ ਵਿਚ ਕਾਇਮ ਰੱਖਣ ਵਾਲਾ ਹੈ।

ਮਾਤ ਪਿਤਾ ਸੁਤ ਨੇਹੁ ਘਨੇਰਾ
ਮਾਇਆ ਮੋਹੁ ਸਬਾਈ ॥

ਮਾਤਾ ਪਿਤਾ ਦਾ ਆਪਣੇ ਸੁਤ=ਪੁੱਤਰ ਨਾਲ ਨੇਹੁ=ਮੋਹ ਘਨੇਰਾ=ਬਹੁਤ ਹੁੰਦਾ ਹੈ। ਇਹ ਸਾਰਾ ਮਾਇਆ ਦਾ ਹੀ ਮੋਹ ਹੈ। ਇਸ ਮਾਇਆ ਦੇ ਮੋਹ ਨਾਲ ਹੀ ਸਬਾਈ=ਸਾਰਿਆਂ ਦੀ ਪਾਲਣਾ ਹੋ ਰਹੀ ਹੈ।

ਸੰਜੋਗੀ ਆਇਆ ਕਿਰਤੁ ਕਮਾਇਆ
ਕਰਣੀ ਕਾਰ ਕਰਾਈ ॥

ਹੇ ਜੀਵ! ਜਿਹੜਾ ਤੂੰ ਪਿਛਲੇ ਜਨਮ ਵਿਚ ਕਿਰਤੁ=ਕਰਮ। ਕਮਾਇਆ=ਕਮਾਉਣਾ ਕੀਤਾ ਸੀ, ਤੈਨੂੰ ਉਸ ਦੇ ਸੰਜੋਗੀ=ਮਿਲਾਪ ਨਾਲ ਇਹ ਦੇਹ ਮਿਲੀ ਹੈ ਜਿਸ ਨਾਲ ਤੂੰ ਦੁਨੀਆਂ ਵਿਚ ਆਇਆ ਹੈਂ। ਜੋ ਤੂੰ ਹੁਣ ਕਿਰਤ ਕਮਾਈ ਕਰੇਂਗਾ, ਉਸ ਦਾ ਸੰਜੋਗ ਤੈਨੂੰ ਅਗਲੇ ਜਨਮ ਵਿਚ ਮਿਲੇਗਾ। ਜੋ ਕਰਣੀ ਕਰਕੇ ਤੇਰੇ ਪਾਸੋਂ ਕਾਰ ਕਮਾਈ ਹੋਈ ਹੈ, ਤੈਨੂੰ ਉਸ ਦਾ ਹੀ ਚੰਗਾ ਮੰਦਾ ਫਲ ਮਿਲੇਗਾ। ਕਈ ਸੰਚਤ ਕਰਮਾਂ ਦੇ ਪਰੇਰੇ ਹੋਏ ਪਹਿਲਾਂ ਸਤਿਸੰਗੀ ਹੁੰਦੇ ਹਨ ਪਰੰਤੂ ਬਾਅਦ ਵਿਚ ਕੁਸੰਗੀ ਹੋ ਜਾਂਦੇ ਹਨ। ਆਪਣੇ ਸੁਭਾਅ ਤੋਂ ਵਿਗੜ ਕੇ ਸੰਭਾਲ ਨਹੀਂ ਰੱਖਦੇ ਅਤੇ ਭੈੜੇ ਹੋ ਜਾਂਦੇ ਹਨ। ਜਿਹੋ ਜਿਹੀ ਕਰਣੀ ਸਰੀਰ ਨਾਲ ਕਮਾਈ ਹੈ, ਉਸ ਦਾ ਫਲ ਜ਼ਰੂਰ ਮਿਲੇਗਾ।

ਰਾਮ ਨਾਮ ਬਿਨੁ ਮੁਕਤਿ ਨ ਹੋਈ
ਬੂਡੀ ਦੂਜੈ ਹੇਤਿ ॥

ਪਰਮੇਸ਼ਰ ਦੇ ਨਾਮ ਤੋਂ ਬਿਨੁ=ਬਗੈਰ ਕਿਸੇ ਦੀ ਮੁਕਤੀ, ਨਾ ਤਾਂ ਅੱਜ ਤੱਕ ਹੋਈ ਹੈ ਅਤੇ ਨਾ ਹੀ ਅੱਗੇ ਨੂੰ ਕਦੇ ਹੋਵੇਗੀ। ਸਾਰੀ ਦੁਨੀਆਂ ਦੂਜੈ=ਦੂਸਰੇ ਸਬੰਧੀਆਂ ਅਤੇ ਪਦਾਰਥਾਂ ਆਦਿ ਵਿਚ ਹੇਤਿ=ਮੋਹ ਕਰਕੇ ਵਾ: ਦੂਜੈ=ਦਵੈਤ ਭਾਵ ਵਿਚ ਪ੍ਰੇਮ ਕਰਕੇ ਬੂਡੀ=ਡੁੱਬ ਰਹੀ ਹੈ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਛੂਟਹਿਗਾ ਹਰਿ ਚੇਤਿ ॥ ੧ ॥

ਸਤਿਗੁਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਤੇਰੀ ਉਮਰ ਰੂਪੀ ਰਾਤ ਦਾ ਜੋ ਪਹਿਲਾ ਪਹਿਰ ਹੈ, ਉਸ ਵਿਚ ਤੇਰਾ ਹਰਿ=ਹਰੀ, ਪਰਮੇਸ਼ਰ ਨੂੰ ਚੇਤਿ=ਚੇਤੇ ਕਰਕੇ ਹੀ ਛੂਟਹਿਗਾ=ਛੁਟਕਾਰਾ ਹੋਵੇਗਾ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੋਬਨਿ ਮੈ ਮਤਿ ॥

ਹੇ ਜੀਵ ਰੂਪ ਵਣਜਾਰੇ ਮਿੱਤਰ! ਤੇਰੀ ਉਮਰ ਰੂਪੀ ਰੈਣਿ=ਰਾਤ ਕੈ=ਦੇ ਦੂਜੇ ਪਹਿਰ ਵਿਚ ਜੋਬਨਿ=ਜਵਾਨੀ ਭਰ ਗਈ ਤੇ ਤੂੰ ਜਵਾਨੀ ਰੂਪੀ ਮੈ=ਸ਼ਰਾਬ ਦੇ ਨਸ਼ੇ ਵਿਚ ਮਤਿ=ਮਸਤ ਹੋ ਗਿਆ ਵਾ: ਸ਼ਰਾਬ ਪੀ ਕੇ ਮਸਤ ਹੋਇਆ ਰਹਿੰਦਾ ਹੈ।

ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ
ਅੰਧੁਲੇ ਨਾਮੁ ਨ ਚਿਤਿ ॥

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ=ਸੱਜਣਾ! ਕਾਮ ਰੂਪੀ ਪ੍ਰੇਤ ਤੇਰੇ ਪਿੱਛੇ ਵਿਆਪਿਆ=ਲੱਗਿਆ ਹੋਇਆ ਹੈ ਜਿਸ ਨਾਲ ਤੂੰ ਅਹਿਨਿਸਿ=ਦਿਨ ਰਾਤ ਭੋਗਾਂ ਵਿਚ ਹੀ ਲੱਗਿਆ ਹੋਇਆ ਹੈਂ। ਤੂੰ ਮਨ ਅਤੇ ਬੁੱਧ ਰੂਪ ਨੇਤਰਾਂ ਅਤੇ ਵਿਚਾਰ ਰੂਪ ਨਿਗਾਹ ਤੋਂ ਬਿਨਾਂ ਅੰਧੁਲੇ=ਅੰਨਾ ਹੈਂ। ਤੂੰ ਪਰਮੇਸ਼ਰ ਦਾ ਨਾਮ ਚਿੱਤ ਵਿਚ ਧਾਰਨ ਨਹੀਂ ਕਰਦਾ।

ਰਾਮ ਨਾਮੁ ਘਟ ਅੰਤਰਿ ਨਾਹੀ
ਹੋਰਿ ਜਾਣੈ ਰਸ ਕਸ ਮੀਠੇ ॥

ਤੇਰ ਘਰ=ਹਿਰਦੇ ਅੰਤਰਿ=ਵਿਚ ਰਾਮ=ਪਰਮੇਸ਼ਰ ਦਾ ਨਾਮ ਨਹੀਂ ਵਸਿਆ। ਹੋਰ ਜੀਭ ਦੇ ਸੁਆਦ ਕਾਰਨ ਰਸਾਂ ਕਸਾਂ ਦੇ ਅਰਕ ਕੱਢ ਕੇ ਪੀਣੇ, ਇਨ੍ਹਾਂ ਨੂੰ ਹੀ ਮੀਠੇ=ਮਿੱਠੇ ਜਾਣਦਾ ਹੈ।

ਗਿਆਨੁ ਧਿਆਨੁ ਗੁਣ ਸੰਜਮੁ ਨਾਹੀ
ਜਨਮਿ ਮਰਹੁਗੇ ਝੂਠੇ ॥

ਤੇਰ ਅੰਦਰ ਨਾ ਨਿਰਗੁਣ ਸਰੂਪ ਦਾ ਗਿਆਨ ਹੈ ਅਤੇ ਨਾ ਹੀ ਸਰਗੁਣ ਸਰੂਪ ਦਾ ਧਿਆਨ ਹੈ ਅਤੇ ਤੇਰੇ ਅੰਦਰ ਸਤਿ, ਸੰਤੋਖ ਆਦਿ ਗੁਣ ਨਹੀਂ ਹਨ। ਤੂੰ ਸੰਜਮੁ=ਇੰਦਰੀਆਂ ਨੂੰ ਰੋਕਣਾ ਨਹੀਂ ਜਾਣਦਾ। ਭਾਵ ਇਹੋ ਜਿਹਾ ਸੰਜਮ ਨਹੀਂ ਕੀਤਾ।

ਤੀਰਥ ਵਰਤ ਸੁਚਿ ਸੰਜਮੁ ਨਾਹੀ
ਕਰਮੁ ਧਰਮੁ ਨਹੀ ਪੂਜਾ ॥

ਹੇ ਜੀਵ! ਤੂੰ ਤੀਰਥ ਦੀ ਨਿਆਈਂ ਸਤਿਗੁਰਾਂ ਦੀ ਟਹਿਲ ਨਹੀਂ ਕੀਤੀ। ਸਤਿਗੁਰੂ ਮਹਾਰਾਜ ਜੀ ਦਾ ਨਾਮ ਹੀ ਤੀਰਥ ਹੈ।

ਨਾਨਕ ਭਾਇ ਭਗਤਿ ਨਿਸਤਾਰਾ
ਦੁਬਿਧਾ ਵਿਆਪੈ ਦੂਜਾ ॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਹੇ ਜੀਵ! ਭਾਇ=ਪ੍ਰੇਮਾ-ਭਗਤੀ ਦੁਆਰਾ ਸੰਸਾਰ-ਸਮੁੰਦਰ ਤੋਂ ਨਿਸਤਰਾ=ਤਰਨਾ ਹੁੰਦਾ ਹੈ। ਪਰ ਤੂੰ ਦੁਬਿਧਾ=ਦੁਚਿਤੋਪੁਣੇ ਕਰਕੇ ਦੂਜਾ=ਦਵੈਤ ਭਾਵ ਵਿਚ ਵਿਆਪੈ=ਲੱਗ ਰਿਹਾ ਹੈਂ ਵਾ: ਦੁਬਿਧਾ ਕਰਕੇ ਦੂਜਾ=ਦੂਸਰਾ ਜੋ ਸੰਸਾਰ ਵਿਆਪ ਰਿਹਾ ਹੈ ਭਾਵ ਦਵੈਤ ਭਾਵਨਾ ਕਰ ਕੇ ਸਦਾ ਜਨਮ ਮਰਨ ਬਣਿਆ ਰਹਿੰਦਾ ਹੈ।

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਸਰਿ ਹੰਸ ਉਲਥੜੇ ਆਇ ॥

ਹੇ ਜੀਵ ਰੂਪ ਮਿਤ੍ਰਾ=ਸੱਜਣਾ! ਹੁਣ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਵਿਚ ਜਵਾਨੀ ਢਲਦੀ ਹੈ। (ਫਾਰਸੀ) ਵਿਚ ਸਰਿ ਨਾਮ ਸਿਰ ਦਾ ਹੈ) ਸਿਰ ਦੇ ਉਤੇ ਹੰਸਾਂ ਦੀ ਤਰ੍ਹਾਂ ਵਿਸ਼ੇਸ਼ ਕਰਕੇ ਸਾਰੇ ਕੇਸ ਚਿੱਟੇ ਭਾਵ ਧੌਲੇ ਹੋ ਗਏ। ਕਾਲਾ ਕੋਈ ਵੀ ਨਾ ਰਿਹਾ। ਇਸ ਮਾਨ ਸਰੋਵਰ ਰੂਪੀ ਸਰੀਰ ਉਤੇ ਹੰਸ ਉਲਥੜੇ=ਉਤਰ ਆਏ ਹਨ ਭਾਵ ਸਾਰੇ ਕੇਸ ਚਿੱਟੇ ਹੋ ਗਏ ਹਨ।

ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ
ਆਵ ਘਟੈ ਦਿਨੁ ਜਾਇ ॥

ਹੇ ਜੀਵ ਰੂਪ ਵਣਜਾਰਿਆ ਮਿੱਤਰਾ! ਤੇਰੀ ਜੋਬਨੁ ਘਟੈ=ਖਤਮ ਭਾਵ ਘਟਦੀ ਜਾ ਰਹੀ ਹੈ ਅਤੇ ਤੈਨੂੰ ਜਰੂਆ=ਬੁਢੇਪਾ ਜਿਣੈ=ਜਿੱਤਦਾ ਜਾ ਰਿਹਾ ਹੈ। ਤੇਰੀ ਆਵ=ਉਮਰ ਦਿਨ-ਦਿਨ ਕਰਕੇ ਘਟਦੀ ਜਾ ਰਹੀ ਹੈ ਭਾਵ ਤੇਰਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ।

ਅੰਤਿ ਕਾਲਿ ਪਛੁਤਾਸੀ ਅੰਧੁਲੇ
ਜਾ ਜਮਿ ਪਕੜਿ ਚਲਾਇਆ ॥

ਹੇ ਅੰਧੁਲੇ=ਅਗਿਆਨੀ ਜੀਵ! ਜਦੋਂ ਤੇਰਾ ਅੰਤਿ=ਅਖੀਰ ਦਾ ਕਾਲਿ=ਸਮਾਂ ਆ ਗਿਆ ਤਾਂ ਤੈਨੂੰ ਮਨੁੱਖਾ ਦੇਹ ਦਾ ਬੇਅਰਥ ਖੋਹ ਜਾਣ ਦਾ ਪਛੁਤਾਸੀ=ਪਛਤਾਵਾ ਹੋਵੇਗਾ, ਜਾ=ਜਦੋਂ ਜਮਾਂ ਨੇ ਤੈਨੂੰ ਪਕੜ ਕਰਕੇ ਪਰਲੋਕ ਨੂੰ ਚਲਾਇਆ=ਤੋਰਿਆ।

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ
ਖਿਨ ਮਹਿ ਭਇਆ ਪਰਾਇਆ ॥

ਜੋ ਸਭੁ=ਸਾਰਾ ਕਿਛੇ=ਕੁਝ ਆਪਣਾ ਸੰਭਾਲ ਵਾ: ਜਾਣ ਕਰ ਕੇ ਰਾਖਿਆ=ਰੱਖਿਆ ਹੋਇਆ ਸੀ ਉਹ ਇਕ ਖਿਨ=ਛਿਨ ਮਹਿ=ਵਿਚ ਹੀ ਪਰਾਇਆ=ਬੇਗਾਨਾ ਭਇਆ=ਹੋ ਗਿਆ।

ਬੁਧਿ ਵਿਸਰਜੀ ਗਈ ਸਿਆਣਪ
ਕਰਿ ਅਵਗਣ ਪਛੁਤਾਇ ॥

ਬਿਰਧ ਅਵਸਥਾ ਵਿਚ ਤੇਰੀ ਬੁੱਧ ਵਿਸਰਜੀ=ਵਿਸਰ ਜਾਵੇਗੀ ਅਤੇ ਸ਼ਾਸਤਰਾਂ, ਗ੍ਰੰਥਾਂ, ਗਿਆਨ, ਸੰਸਾਰਕ ਸੋਝੀ ਆਦਿ ਦੀ ਸਾਰੀ ਸਿਆਣਪ ਗਈ=ਚਲੀ ਜਾਵੇਗੀ। ਔਗੁਣਾਂ ਕਰਕੇ ਤੇਰੇ ਪੱਲੇ ਕੇਵਲ ਪਛੁਤਾਵਾ ਹੀ ਰਹਿ ਜਾਵੇਗਾ ਕਿ ਮੈਨੂੰ ਇਸ ਤਰ੍ਹਾਂ ਦੇ ਔਗੁਣ ਪਾਪ ਨਹੀਂ ਕਰਨੇ ਚਾਹੀਦੇ ਸਨ।

ਜੇਕਰ ਮੈਨੂੰ ਗਿਆਤ ਹੁੰਦਾ ਕਿ ਮੈਨੂੰ ਐਸਾ ਡੰਡ ਮਿਲਣਾ ਹੈ ਤਾਂ ਮੈਂ ਐਸੇ ਪਾਪ ਕਰਮ ਕਦਾਚਿਤ ਨਾ ਕਰਦਾ।

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਪ੍ਰਭੁ ਚੇਤਹੁ ਲਿਵ ਲਾਇ ॥ ੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਤੂੰ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਹਿੱਸੇ ਵਿਚ ਲਿਵ=ਬਿਰਤੀ ਨੂੰ ਜੋੜ ਕੇ ਸਦਾ ਪ੍ਰਭ=ਪਰਮੇਸ਼ਰ ਨੂੰ ਹੀ ਚੇਤਹੁ=ਯਾਦ ਕਰ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਰਧਿ ਭਇਆ ਤਨੁ ਖੀਣੁ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਜਦੋਂ ਤੇਰੀ ਉਮਰ ਰੂਪੀ ਰਾਤ ਦਾ ਚੌਥੇ ਪਹਿਰ ਦਾ ਹਿੱਸਾ ਆਵੇਗਾ, ਤਾਂ ਤੇਰਾ ਤਨੁ=ਸਰੀਰ ਬਿਰਧਿ=ਬੁਢੇਪੇ ਵਿਚ ਖੀਣੁ=ਕਮਜ਼ੋਰ ਹੋ ਜਾਵੇਗਾ ਅਤੇ ਅੰਤ ਨੂੰ ਨਸ਼ਟ ਹੋ ਜਾਵੇਗਾ।

ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ
ਕੰਨੀ ਸੁਣੈ ਨ ਵੈਣ ॥

ਹੇ ਜੀਵ ਰੂਪ ਵਣਜਾਰੇ ਮਿੱਤਰਾ! ਤੂੰ ਅਖੀ=ਨੇਤਰਾਂ ਤੋਂ ਅੰਧੁ=ਅੰਨ੍ਹਾ ਹੋ ਜਾਵੇਂਗਾ। ਤੇਰੇ ਨੇੜੇ ਪਈ ਹੋਈ ਵਸਤੂ ਵੀ ਤੈਨੂੰ ਨ ਦੀਸਈ=ਨਹੀਂ ਦਿਸੇਗੀ ਅਤੇ ਤੇਰੇ ਕੰਨੀ=ਕੰਨਾਂ ਨੂੰ ਮਾਰੀ ਹੋਈ ਵੈਣ=ਆਵਾਜ਼ ਵੀ ਨਹੀਂ ਸੁਣੇਗੀ।

ਅਖੀ ਅੰਧੁ ਜੀਭ ਰਸੁ ਨਾਹੀ
ਰਹੇ ਪਰਾਕਉ ਤਾਣਾ ॥

ਹੇ ਜੀਵ! ਤੇਰੀਆਂ ਅਖੀ=ਅੱਖਾਂ ਅੰਧੁ=ਅੰਨ੍ਹੀਆਂ ਭਾਵ ਨਿਗਾਹ ਤੋਂ ਹੀਣੀਆਂ ਹੋ ਜਾਣਗੀਆਂ ਅਤੇ ਤੇਰੀ ਜੀਭ=ਜ਼ੁਬਾਨ ਵਿਚ ਰਸ ਲੈਣ ਦੀ ਸੁਰਤੀ ਟੁੱਟ ਜਾਵੇਗੀ ਵਾ: ਤੇਰੀ ਜ਼ੁਬਾਨ ਵਿਚੋਂ ਪ੍ਰੇਮ ਰਸ ਵਾਲੇ ਬਚਨ ਨਹੀਂ ਨਿਕਲਣਗੇ ਅਤੇ ਪੂਰਬਲਾ ਇੰਦਰੀਆਂ ਦਾ, ਵੇਖਣ, ਸੁੰਘਣ, ਸੁਣਨ ਆਦਿ ਦਾ ਪਰਾਕਉ=ਬਲ ਅਤੇ ਸਰੀਰ ਦਾ ਤਾਣਾ=ਬਲ ਵੀ ਨਹੀਂ ਰਹੇਗਾ ਵਾ: ਤੈਨੂੰ ਪਰਾ=ਪਰਾਏ ਕਉ=ਦੇ ਮੋਢੇ ਫੜ ਕੇ ਕਿਸੇ ਦੇ ਆਸਰੇ ਤੁਰਨਾ ਪਏਗਾ। ਤੇਰੀ ਐਸੀ ਹਾਲਤ ਹੋ ਜਾਵੇਗੀ ਕਿ ਪਾਣੀ ਦਾ ਬਰਤਨ ਵੀ ਤੈਨੂੰ ਸੈਂਕੜੇ ਕੋਹਾਂ 'ਤੇ ਪਿਆ ਪ੍ਰਤੀਤ ਹੋਵੇਗਾ।

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ
ਮਨਮੁਖ ਆਵਣ ਜਾਣਾ ॥

ਹੇ ਜੀਵ! ਤੇਰੇ ਅੰਦਰ ਕੋਈ ਵੀ ਗੁਣ ਨਹੀਂ ਹੈ, ਤੂੰ ਕਿਉਂ=ਕਿਵੇਂ ਸੁਖ ਨੂੰ ਪਾਵੈ=ਪ੍ਰਾਪਤ ਕਰੇਂਗਾ? ਤੂੰ ਆਪਣੇ ਮਨ ਨੂੰ ਹੀ ਮੁਖੀ ਬਣਾਇਆ ਹੋਇਆ ਹੈ। ਜੋ ਤੇਰਾ ਮਨ ਤੈਨੂੰ ਪ੍ਰੇਰਣਾ ਦਿੰਦਾ ਹੈ, ਤੂੰ ਉਹ ਕੁਝ ਹੀ ਕਰਦਾ ਹੈਂ। ਇਸ ਕਾਰਨ ਤੇਰਾ ਆਵਣ ਜਾਣਾ=ਜੰਮਣਾ ਮਰਣਾ ਲੱਗਿਆ ਹੋਇਆ ਹੈ।

ਖੜੁ ਪਕੀ ਕੁੜਿ ਭਜੈ ਬਿਨਸੈ
ਆਇ ਚਲੈ ਕਿਆ ਮਾਣੁ ॥

ਜਿਵੇਂ ਖੜੁ=ਖੇਤੀ ਪਕੀ=ਪੱਕ ਕੇ ਕੁੜਿ=ਕੁੱਬੀ ਹੋ ਜਾਂਦੀ ਹੈ ਭਾਵ ਨੀਵੀ ਹੋ ਜਾਂਦੀ ਹੈ, ਫਿਰ ਉਹ ਭਜੈ=ਟੁੱਟ ਜਾਂਦੀ ਹੈ ਅਤੇ ਬਿਨਸੈ=ਅੰਤ ਨੂੰ ਨਾਸ਼ ਹੋ ਜਾਂਦੀ ਹੈ ਅਥਵਾ ਇਸੇ ਪ੍ਰਕਾਰ ਤੇਰੀ ਉਮਰ ਦੀ ਸਰੀਰ ਰੂਪੀ ਖੇਤੀ ਪਕੀ=ਪੱਕ ਗਈ ਭਾਵ ਬਿਰਧ ਅਵਸਥਾ ਆ ਗਈ ਤਾਂ ਕੁੜਿ=ਕੁੱਬਾ ਹੋ ਜਾਵੇਗਾ ਅਤੇ ਅੰਤ ਨੂੰ ਤੇਰਾ ਸਰੀਰ ਬਿਨਸੈ=ਨਾਸ਼ ਹੋ ਜਾਵੇਗਾ। ਜਦ ਤਨ ਨੇ ਆ ਕੇ ਚਲੈ=ਚਲਿਆ ਜਾਣਾ ਹੈ ਤਾਂ ਇਸ ਤਨ ਦਾ ਕਿਆ=ਕੀ ਮਾਣੁ=ਹੰਕਾਰ ਕਰਦਾ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਗੁਰਮੁਖਿ ਸਬਦੁ ਪਛਾਣੁ ॥ ੪ ॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਸਰੀਰ ਦੀ ਉਮਰ ਰੂਪੀ ਰਾਤ ਦੇ ਚਉਥੈ=ਚੌਥੇ ਪਹਿਰ (ਬਿਰਧ ਅਵਸਥਾ) ਵਿਚ ਗੁਰਮੁਖਿ=ਮੁਖੀ ਗੁਰਾਂ ਦੇ ਸਬਦੁ=ਉਪਦੇਸ਼ ਦੁਆਰਾ ਸਤ ਸਰੂਪ ਨੂੰ ਪਛਾਣੁ=ਪਛਾਣਨਾ ਕਰਿ ਵਾ: ਗੁਰਮੁਖ ਬਣ ਕੇ ਸਬਦੁ=ਬ੍ਰਹਮ ਨੂੰ ਪਛਾਣਨਾ ਕਰ।

ਸਤਿਗੁਰੂ ਪਾਤਸ਼ਾਹ ਜੀ ਉਮਰ ਰੂਪੀ ਰਾਤ ਦੇ ਚਾਰੇ ਪਹਿਰ ਪੂਰੇ ਕਰਨ ਤੋਂ ਉਪਰੰਤ ਹੁਣ ਇਕ ਹੋਰ ਪੰਜਵੀ ਪਉੜੀ ਦੀ ਰਚਨਾ ਕਰਦੇ ਹੋਏ ਫੁਰਮਾਨ ਕਰਦੇ ਹਨ -

ਓਸਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ
ਜਰੁ ਜਰਵਾਣਾ ਕੰਨਿ ॥

ਹੇ ਜੀਵ ਰੂਪ ਵਣਜਾਰੇ ਮਿੱਤਰਾ! ਵਾਹਿਗੁਰੂ ਵਲੋਂ ਤੈਨੂੰ ਬਖਸ਼ਿਆ ਹੋਇਆ ਸਾਹਿਆ=ਸੁਆਸਾਂ ਦਾ ਜਦੋਂ ਓਸਕੁ=ਸਮਾਂ ਆਇਆ ਅਤੇ ਜਦੋਂ ਜਰੁ=ਬੁਢੇਪਾ ਆਇਆ ਤਾਂ ਤੇਰਾ ਜਰਵਾਣਾ=ਬਲ ਕੰਨਿ=ਕੰਨੇ 'ਤੇ ਭਾਵ ਮੋਢਿਆ 'ਤੇ ਆ ਜਾਵੇਗਾ। ਉਦੋਂ ਤੂੰ ਕਮਜ਼ੋਰ ਹੋ ਜਾਵੇਂਗਾ। ਉਦੋਂ ਤੇਰੀ ਸਾਰੀ ਅਕਲ ਨਾਸ ਹੋ ਜਾਵੇਗੀ ਵਾ: ਝੋਟੇ 'ਤੇ ਸਵਾਰ ਹੋਣ ਵਾਲਾ ਜਮ ਤੇਰੇ ਕੰਨਿ=ਮੋਡਿਆ 'ਤੇ ਆ ਜਾਵੇਗਾ।

(ਬਾਕੀ ਪੰਨਾ 53 ਤੇ)

ਪ੍ਰਗਟਿਓ ਖਾਲਸਾ

ਪ੍ਰੋ. ਗੁਰਦੇਵ ਸਿੰਘ

(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-55)

6. ਅਕਾਲ ਪੁਰਖ ਦਾ ਹੁਕਮ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ ਆਪਣਾ ਪੁੱਤਰ ਬਣਾ ਕੇ ਮਾਤ ਲੋਕ ਵਿਚ ਹੁਕਮ ਦੇ ਕੇ ਭੇਜਿਆ ਕਿ ਤੁਸੀਂ ਜਾ ਕੇ ਧਰਮ ਦਾ ਪੰਥ ਚਲਾਓ। ਇਸ ਮਹਾਨ ਕਾਰਜ ਬਾਰੇ ਆਪ ਜੀ ਨੇ ਸਭ ਨੂੰ ਸਪਸ਼ਟ ਅੱਖਰਾਂ ਵਿਚ ਦਰਸਾ ਦਿਤਾ ਤਾਕਿ ਕਿਧਰੇ ਸੰਸਾਰ ਨੂੰ ਕੋਈ ਭੁਲੇਖਾ ਨਾ ਰਹਿ ਜਾਵੇ -

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵਿ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ *ਸ੍ਰੀ ਦਸਮ ਗ੍ਰੰਥ*

ਜਿਹੜੇ ਦੁਸ਼ਟ ਲੋਕ ਦੇਸ਼, ਧਰਮ ਅਤੇ ਸਮਾਜ ਵਾਸਤੇ ਕੈਂਸਰ ਦਾ ਫੋੜਾ ਬਣ ਚੁੱਕੇ ਹਨ, ਉਨ੍ਹਾਂ ਨੂੰ ਸੁਧਾਰਨ ਵਾਸਤੇ ਅਸੀਂ ਸੰਤ-ਸਿਪਾਹੀ ਬਨਾਉਣੇ ਹਨ ਜੋ ਧਰਮ ਦੀ ਰੱਖਿਆ, ਕਰਨਗੇ ਤੇ ਜ਼ੁਲਮ ਕਰਨ ਵਾਲਿਆਂ ਨੂੰ ਸਜਾ ਦੇਣਗੇ। ਪਿਆਰ, ਵਿਚਾਰ ਨਾਲ ਸਮਝਾਉਣਗੇ, ਨਾ ਸਮਝਣ ਵਾਲਿਆਂ ਨਾਲ ਧਰਮ ਯੁੱਧ ਕਰਨਗੇ। ਸਤਿਗੁਰੂ ਜੀ ਤਾਂ ਆਪ ਹੀ ਅਬਿਨਾਸ਼ੀ ਸੁੱਖ ਦੇ ਮਾਲਕ ਹਨ, ਆਪ ਜੀ ਦਾ ਰਾਜ ਤਾਂ ਸਦਾ ਨਿਹਚਲ ਤੇ ਅਟੱਲ ਹੈ। ਆਪ ਜੀ ਕੋਈ ਦੁਨਿਆਵੀ ਰਾਜ-ਭਾਗ ਲੈਣ ਵਾਸਤੇ ਨਹੀਂ ਸਨ ਆਏ ਬਲਕਿ ਹਲੇਮੀ ਰਾਜ ਦੇ ਝੰਡੇ ਨੂੰ ਬੁਲੰਦ ਕਰਨ ਵਾਸਤੇ ਆਏ ਸਨ। ਗੁਰੂ ਨਾਨਕ ਸਾਹਿਬ ਜੀ ਤਾਂ ਆਪ ਹੀ ਗੁਰੂ ਪ੍ਰਮੇਸ਼ਰ ਬਣ ਕੇ ਸੰਸਾਰ ਦਾ ਉਧਾਰ ਕਰਨ ਆਏ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸੇ ਨਿਰੰਜਨੀ ਜੋਤ ਦਾ ਦਸਵਾਂ ਸਰੂਪ ਧਾਰਨ ਕਰਕੇ ਖਾਲਸਾ ਪੰਥ ਸਾਜਣ ਵਾਸਤੇ ਆਏ ਹਨ -

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਅੰਗ - ੧੩੯੫

ਗੁਰੂ ਨਾਨਕ ਪਾਤਸ਼ਾਹ ਜੀ ਨੇ ਇਕ ਪੂਰਨ ਮਨੁੱਖ ਦਾ ਖਾਕਾ ਉਕਰਿਆ ਜਿਸ ਦੀ ਸ਼ੁਰੂਆਤ ਆਪ ਜੀ ਨੇ ਇਕ ਮਹਾਨ ਆਦਰਸ਼ ਤੋਂ ਕੀਤੀ। ਦੱਸਿਆ ਕਿ ਜੋ ਰਚਨਾ ਅਕਾਲ ਪੁਰਖ ਨੇ ਕੀਤੀ ਹੈ ਉਸ ਵਿਚ ਘੱਟ-ਵੱਧ ਕਰਨ ਦੀ ਕੋਈ ਗੁੰਜਾਇਸ਼ ਨਹੀਂ, ਕੁਦਰਤ ਦੇ ਪਸਾਰੇ ਅੰਦਰ ਸਾਰਾ ਕੁਝ ਉਸ ਨੇ ਪੂਰਾ ਹੀ ਬਣਾਇਆ ਹੈ ਕਿਉਂਕਿ ਸ੍ਰਿਸ਼ਟੀ ਦੇ ਅੰਦਰ ਜਿਤਨੇ ਵੀ ਜੀਵ ਹਨ, ਉਨ੍ਹਾਂ ਦੀ ਬਣਤਰ, ਆਕਾਰ, ਸ਼ਕਲਾਂ-ਸੂਰਤਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਬਣੀਆਂ ਹੋਈਆਂ ਹਨ ।

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਅੰਗ - ੧੪੧੨

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਅੰਗ - ੧

ਗੁਰੂ ਪਾਤਸ਼ਾਹ ਜੀ ਨੇ ਪਹਿਲੀ ਉਦਾਸੀ ਜਾਣ ਸਮੇਂ ਭਾਈ ਮਰਦਾਨਾ ਜੀ ਨੂੰ ਪਹਿਲਾਂ ਹੀ ਦਸ ਦਿਤਾ ਸੀ ਕਿ ਜੇ ਸਾਡਾ ਸਾਥ ਚਾਹੁੰਦਾ ਹੈਂ ਤਾਂ ਕੇਸ ਸਾਬਤ ਰੱਖਣੇ ਹਨ। ਇਸ ਪ੍ਰਕਾਰ ਤਿੰਨ ਬਚਨ ਕੀਤੇ ।

ਇਕ, ਕੇਸ ਨਾ ਕਟਾਈਂ ।
ਦੂਏ, ਪਿਛਲ ਰਾਤ ਜਾਗ ਸਤਿਨਾਮ ਦਾ ਜਾਪ ਕਰੀਂ ।
ਤ੍ਰਿਤੀਏ, ਆਏ ਗਏ ਸਾਧ ਸੰਤ ਲੋੜਵੰਦ ਦੀ ਸੇਵਾ ਕਰੀਂ ।
(ਜਨਮ ਸਾਖੀ ਭਾਈ ਮਨੀ ਸਿੰਘ ਜੀ)

ਜਿਥੇ ਸਤਿਗੁਰੂ ਜੀ ਨੇ ਗੁਰਸਿਖਾਂ ਵਾਸਤੇ ਕੇਸਾਧਾਰੀ ਹੋਣ ਦੀ ਬਖਸ਼ਿਸ਼ ਕੀਤੀ ਹੈ ਉਥੇ ਇਸਲਾਮ ਵਾਲਿਆਂ ਨੂੰ ਭੀ ਇਸ ਰਹਿਤ ਨੂੰ ਰ'ਖਣ ਦੀ ਪ੍ਰੋੜਤਾ ਕੀਤੀ ਹੈ। ਪੁਰਾਤਨ ਜਨਮ ਸਾਖੀ ਵੀ ਐਸੇ ਬਚਨ ਆਉਂਦੇ ਹਨ "ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ"।

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥ *ਅੰਗ-੧੦੮੪*

ਜਿਵੇਂ ਸ਼ਰ੍ਹਾ ਦੀ ਪੁਸਤਕ ਮੁਤਾਬਿਕ ਮਨ ਨੂੰ ਪਵਿਤ੍ਰ ਰੱਖਣਾ ਹੈ ਤਾਂ ਆਪਣੀ ਸ਼ਕਲ-ਸੂਰਤ ਨੂੰ ਵੀ ਉਸੇ ਤਰ੍ਹਾਂ ਸਾਬਤ ਰੱਖ ਜਿਵੇਂ ਅੱਲਾ ਤਾਲਾ ਨੇ ਬਣਾ ਕੇ ਭੇਜੀ ਹੈ। ਸੋ ਭਾਈ ਮਰਦਾਨਾ ਜੀ ਨੂੰ ਬਚਨ ਕੀਤਾ ਕਿ ਸਾਬਤ ਸੂਰਤ ਰਹਿਣਾ ਹੈ। ਇਸ ਦੇ ਨਾਲ

ਗੁਰੂ ਜੀ ਨੇ ਉਸ ਨੂੰ ਮਾਣ ਦੇ ਕੇ ਆਪਣਾ ਪਿਆਰਾ ਸਾਥੀ ਬਣਾਇਆ ਤੇ ਉਚ-ਨੀਚ ਦਾ ਭੇਦ ਮਿਟਾ ਕੇ ਸਭ ਨੂੰ ਬਰਾਬਰਤਾ ਦਾ ਦਰਜਾ ਵੀ ਦਿਤਾ। ਬਹੁ-ਦੇਵ ਪੂਜਾ ਤੋਂ ਵਰਜ ਕੇ ਪ੍ਰਭੂ ਦੀ ਏਕਤਾ ਦਾ ਸਬਕ ਦ੍ਰਿੜ੍ਹ ਕਰਵਾਇਆ। ਕਹਿੰਦੇ ਜਿਹੜਾ ਐਸਾ ਸੇਵਕ ਹੈ ਉਹ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ।

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥
ਅੰਗ-੧੪੧੨

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ-੧੨੯੧

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥
ਅੰਗ -੧੧੦੬

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥
ਅੰਗ-੧੫

ਦਸਵੇਂ ਪਾਤਸ਼ਾਹ ਜੀ ਦੇ ਬਚਨ ਵੀ ਇਸ ਪ੍ਰਕਾਰ ਆਉਂਦੇ ਹਨ ਕਿ ਉਸ ਵੇਲੇ ਮਨੁਖ ਆਪਣੇ ਅਸਲੀ ਮਾਰਗ ਤੋਂ ਥਿੜਕ ਗਿਆ ਸੀ। ਮਨ ਦੀ ਅਵਸਥਾ ਡਾਵਾਂ-ਡੋਲ ਹੋਣ ਕਰਕੇ ਹਨ੍ਹੇਰੇ ਵਿਚ ਭਟਕ ਰਿਹਾ ਸੀ। ਜਿਤਨੇ ਵੀ ਪੀਰ-ਪੈਗੰਬਰ, ਔਲੀਏ, ਅਚਾਰੀਆ ਆਦਿ, ਮਨੁਖ ਨੂੰ ਰਾਹ ਦਿਖਾਉਣ ਵਾਲੇ ਆਏ, ਪ੍ਰਮੇਸ਼ਰ ਨੂੰ ਛੱਡ ਕੇ ਆਪਣੀ ਪੂਜਾ ਕਰਾਉਣ ਲੱਗ ਪਏ। ਕਹਿੰਦੇ ਸਾਡੇ ਤੋਂ ਬਗੈਰ ਕੋਈ ਦੂਜਾ ਰੱਬ ਨਹੀ, ਅਸੀਂ ਰੱਬ ਹਾਂ। ਅਵਤਾਰ ਪੂਜਾ ਸ਼ੁਰੂ ਹੋ ਗਈ, ਕੋਈ ਤਾਂ ਸੂਰਜ ਦੀ ਪੂਜਾ ਕਰਦੇ, ਕੋਈ ਚੰਦ ਦੀ, ਕੋਈ ਜਲ ਦੀ, ਕੋਈ ਅੱਗ ਦੀ, ਕੋਈ ਪੌਣ ਨੂੰ ਮੰਨਦੈ, ਕੋਈ ਧਰਮਰਾਜੇ ਨੂੰ, ਕੋਈ ਰੁੱਖਾਂ ਨੂੰ ਅਤੇ ਕੋਈ ਪੱਥਰਾਂ ਦੀ ਪੂਜਾ ਕਰਨ ਲੱਗ ਪਿਆ। ਜਿਹੜਾ ਮਨੁੱਖ ਸੀ ਉਹ ਆਪਣੇ ਸਤੱਰ ਤੋਂ ਬਹੁਤ ਥੱਲੇ ਚਲਾ ਗਿਆ। ਅਕਾਲ ਪਰੁਖ ਜੀ ਨੇ 'ਵਲੀ' ਲੋਕ ਭੇਜੇ ਤਾਂ ਮਨੁੱਖ ਨੂੰ ਸਿਧੇ ਰਸਤੇ ਪਾਉਣ ਵਾਸਤੇ ਸਨ ਪਰ ਉਹ ਆਪਣੀ ਪੂਜਾ ਕਰਾਉਣ ਲਗ ਪਏ।

ਤੇ ਕਹੇ ਕਰਉ ਹਮਾਰੀ ਪੂਜਾ ।
ਹਮ ਬਿਨ ਅਵਰ ਨ ਠਾਕਰ ਦੂਜਾ ।
ਤਬ ਹਰਿ ਸਿਧ ਸਾਧ ਰਹਿ ਰਾਏ ।
ਤਿਨ ਭੀ ਪਰਮ ਪੁਰਖ ਨਹੀਂ ਪਾਏ ।
ਜੇ ਕੋਈ ਹੋਤ ਭਇਓ ਜਗ ਸਿਆਨਾ ।
ਤਿਨ ਭੀ ਅਪਨੋ ਪੰਥ ਚਲਾਨਾ । ਸ੍ਰੀ ਦਸਮ ਗ੍ਰੰਥ

ਕਹਾ ਭਯੋ ਜੋ ਆਨ ਜਗਤ ਮੈ
ਦਸਕ ਅਸੁਰ ਹਰਿ ਘਾਏ ।
ਅਧਿਕ ਪ੍ਰਪੰਚ ਦਿਖਾਇ ਸਭਨ ਕਹਿ
ਆਪਹਿ ਬ੍ਰਹਮੁ ਕਹਾਏ । ਸ਼ਬਦ ਹਜ਼ਾਰੇ-ਪਾ: ੧੦

ਉਨ੍ਹਾਂ ਨੇ ਆਪਣਾ ਪੰਥ ਚਲਾ ਲਿਆ। ਕਿਸੇ ਨੇ ਕਿਹਾ ਕਿ ਹੱਥਾਂ ਦੇ ਨਹੁੰ ਵਧਾ ਲਉ ਤੇ ਕੋਈ ਕਹਿੰਦਾ ਸਿਰ ਦੇ ਵਾਲਾਂ ਦੀਆਂ ਜਟਾਂ ਬਣਾਓ। ਜਿਹੜੇ ਸਿੱਧ ਸੀ ਉਨ੍ਹਾਂ ਨੇ ਵੱਡੇ- ਵੱਡੇ ਰਾਜੇ ਆਪਣੇ ਸੇਵਕ ਬਣਾ ਲਏ, ਉਨ੍ਹਾਂ ਦੇ ਕੰਨ ਫਾੜ ਕੇ ਮੁੰਦਰਾਂ ਪਾ ਦਿਤੀਆਂ। ਚੰਗੇ ਰਾਜੇ ਜਿਨ੍ਹਾਂ ਨੇ ਜਨਤਾ ਨੂੰ ਚੰਗੇ ਰਾਜ ਪ੍ਰਬੰਧ ਦੁਆਰਾ ਸੁਖ ਦੇਣਾ ਸੀ, ਘਰ ਘਰ ਦੇ ਭਿਖਾਰੀ ਬਣਾ ਕੇ ਰੋਣ ਹਾਕੇ ਬਣਾ ਦਿਤੇ ।

ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥ ਅੰਗ-੯੫੪

ਜਿੰਨੇ ਵੀ ਭੇਜੇ ਸਾਰਿਆਂ ਨੇ ਆਪਣਾ ਨਾਮ ਜਪਾਇਆ ਅਤੇ ਪਾਰਬ੍ਰਹਮ ਦੇ ਨਾਮ ਜਪਣ ਦੀ ਰੀਤ ਨੂੰ ਭੁਲਾ ਕੇ ਆਪਣੀ ਪੂਜਾ ਵਿਚ ਲਾ ਦਿਤਾ ।

ਤਬ ਹਰਿ ਬਹੁਰ ਦੱਤ ਉਪਜਾਇਓ
ਤਿਨ ਭੀ ਅਪਨਾ ਪੰਥ ਚਲਾਇਓ ।
ਨਖ ਸਿਰ ਜਟਾਂ ਸੁਆਰੀ ।
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ।
ਭੇਸ ਬੈਰਾਗੀ ਕੋ ਜਿਨ ਧਰਾ ।
ਕੰਠਿ ਕੰਠਿ ਕਾਠ ਕੀ ਡਾਰੀ ।
ਅਰਬ ਦੇਸ ਕੋ ਕੀਨੋ ਰਾਜਾ ।
ਤਿਨ ਭੀ ਏਕ ਪੰਥ ਉਪਰਾਜਾ ।
ਸਭ ਤੇ ਅਪਨਾ ਨਾਮੁ ਜਪਾਯੋ ।
ਸਤਿ ਨਾਮੁ ਕਾਹੂੰ ਨ ਦਿਤ੍ਰਾਯੋ ।
ਸਭ ਅਪਨੀ ਅਪਨੀ ਉਰਝਾਨਾ ।
ਪਾਰਬ੍ਰਹਮ ਕਾਹੂ ਨ ਪਛਾਨਾ ।
ਤਪ ਸਾਧਤ ਹਰਿ ਮੋਹਿ ਬੁਲਾਯੋ ।
ਇਮ ਕਹਿ ਕੈ ਇਹ ਲੋਕ ਪਠਾਯੋ । ਸ੍ਰੀ ਦਸਮ ਗ੍ਰੰਥ

ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਅਗਿਆਨਤਾ ਦੇ ਘੋਰ ਅੰਧਕਾਰ ਨੂੰ ਦੂਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰੇ ਦਿਸ਼ਾਵਾਂ ਵਿਚ ਸਤਿਨਾਮ ਦਾ ਚੱਕਰ ਚਲਾ ਕੇ ਰੋਸ਼ਨ ਕੀਤਾ। ਇਸ ਅੰਧਕਾਰ ਵਿਚੋਂ ਕੱਢਣਾ ਅਤੇ ਹਿੰਦੋਸਤਾਨ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਕਰਵਾਉਣਾ ਕੋਈ ਥੋੜ੍ਹੇ ਸਮੇਂ ਦਾ ਮਾਮੂਲੀ ਕਾਰਜ ਨਹੀਂ ਸੀ। ਗੁਰੂ ਨਾਨਕ ਜੀ ਦੇ ਅੱਠਾਂ ਸਰੂਪਾਂ ਨੇ ਸਮੇਂ-ਸਮੇਂ ਭਰਪੂਰ ਯੋਗਦਾਨ ਪਾਇਆ। ਪਹਿਲੇ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਸੇਵਾ, ਸਿਮਰਨ, ਭਗਤੀ ਭਾਵ, ਵੈਰਾਗ, ਸਤਿ, ਸੰਤੋਖ, ਦਯਾ, ਖਿਮਾ, ਅਹਿੰਸਾ, ਧੀਰਜ, ਸੰਜਮ, ਨਿਰਭੈਤਾ, ਨਿਰਵੈਰਤਾ, ਮਨੁੱਖਤਾ ਪ੍ਰਤੀ ਪਰਸਪਰ ਪ੍ਰੇਮ

ਅਤੇ ਭਾਈਚਾਰੇ ਦਾ ਉਪਦੇਸ਼ ਦੇ ਕੇ ਸਾਰੇ ਸ਼ੁਭ ਗੁਣਾਂ ਦਾ ਸੰਚਾਰ ਕੀਤਾ। ਇਹਨਾਂ ਦੈਵੀ ਗੁਣਾਂ ਦੇ ਸਦਕੇ ਸਿੱਖੀ ਦਾ ਬੂਟਾ ਨੌਵੀਂ ਜੋਤ ਤੀਕਰ ਨਿਰੰਤਰ ਪ੍ਰਫੁ'ਲਤ ਹੋਇਆ। ਗੁਰੂ ਨਾਨਕ ਸਾਹਿਬ ਤੋਂ ਨੌਵੇਂ ਪਾਤਸ਼ਾਹ ਤਕ ਆਤਮਿਕ ਉਪਦੇਸ਼ ਦੇ ਨਾਲ-ਨਾਲ ਧਰਮ ਤੋਂ ਕੁਰਬਾਨ ਹੋਣ ਦਾ ਅਤੇ ਜ਼ਾਲਮਾਂ ਨਾਲ ਜੂਝਣ ਦਾ ਲਾਲ-ਮਜੀਠਾ ਰੰਗ ਭਰ ਕੇ ਸਿ'ਖਾਂ ਨੂੰ ਆਤਮਿਕ ਅਤੇ ਸਰੀਰਕ ਬਲ ਪ੍ਰਦਾਨ ਕਰਕੇ ਯੋਧੇ ਬਣਾ ਦਿਤਾ ਸੀ। ਦਸਵੇਂ ਗੁਰੂ ਨਾਨਕ, ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਨਾਲ ਖਾਲਸੇ ਦੀ ਸਿਰਜਨਾ ਕੀਤੀ ਅਤੇ ਇਸ ਵਿਚ ਪੂਰਨ ਮਨੁੱਖ ਦੇ ਸਾਰੇ ਗੁਣ ਭਰਪੂਰ ਕਰ ਦਿਤੇ ।

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥
ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥ — *ਸ੍ਰੀ ਦਸਮ ਗ੍ਰੰਥ*

ਲੈ ਆਇਸ ਗੁਰਦੇਵ ਜੀ ਸ੍ਰੀ ਖਾਲਸ ਮਹਾਰਾਜ ।
ਪ੍ਰਗਟ ਕਰਯੋ ਜਗ ਖਾਲਸਾ ਹਿੰਦ ਤੁਰਕ ਸਿਰਤਾਜ । — *ਗੁਰ ਬਿਲਾਸ*

(ਪੰਨਾ 50 ਦੀ ਬਾਕੀ)

ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ
ਅਵਗਣ ਖੜਸਨਿ ਬੰਨਿ ॥

ਫਿਰ ਉਹ ਤੈਨੂੰ ਕਹੇਗਾ ਕਿ ਤੂੰ ਰੱਤੀ ਜਿੰਨਾ ਇਕ ਵੀ ਗੁਣ ਨ ਸਮਾਣਿਆ=ਧਾਰਨ ਨਹੀਂ ਕੀਤਾ। ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਜਣਾ! ਫਿਰ ਤੈਨੂੰ ਉਹ ਜਮ ਤੇਰੇ ਅਵਗਣ=ਔਗੁਣਾਂ ਕਰਕੇ ਤੈਨੂੰ ਬੰਨਿ ਕੇ ਨਾਲ ਖੜਸਨਿ=ਲੈ ਜਾਣਗੇ ਵਾ: (ਖੜ+ਸਨਿ) ਜਮਦੂਤ ਔਗੁਣਾਂ ਦੇ ਸਨਿ=ਸਮੇਤ ਹੀ ਤੈਨੂੰ ਪ੍ਰਲੋਕ ਨੂੰ ਖੜ=ਲੈ ਜਾਣਗੇ ਵਾ: (ਖੜ+ਸਨਿ) ਜਮਦੂਤ ਔਗੁਣਾਂ ਦੇ ਸਨਿ=ਸਮੇਤ ਹੀ ਤੈਨੂੰ ਪ੍ਰਲੋਕ ਨੂੰ ਖੜ=ਲੈ ਜਾਣਗੇ।

ਗੁਣ ਸੰਜਮਿ ਜਾਵੈ ਚੋਟ ਨ ਖਾਵੈ
ਨਾ ਤਿਸੁ ਜੰਮਣੁ ਮਰਣਾ ॥

ਜੋ ਹਿਰਦੇ ਅੰਦਰ ਸਤ, ਸੰਤੋਖ ਆਦਿ ਗੁਣ ਤੇ ਵਿਸ਼ਿਆਂ ਵੱਲੋਂ ਸੰਜਮਿ=ਪ੍ਰਹੇਜ਼ ਵਾ: ਸੰਜਮਿ=ਇੰਦਰੀਆਂ ਦਾ ਦਮਨ ਕਰਕੇ ਇਨ੍ਹਾਂ ਗੁਣਾਂ ਦੇ ਸਮੇਤ ਪ੍ਰਲੋਕ ਨੂੰ ਜਾਵੈ=ਜਾਵੇਗਾ ਉਹ ਜਮਾਂ ਦੀਆਂ ਚੋਟ=ਸੱਟਾਂ ਨ=ਨਹੀਂ ਖਾਵੈ=ਖਾਵੇਗਾ ਅਤੇ ਨਾ ਹੀ ਤਿਸੁ=ਉਸ ਨੂੰ ਜੰਮਣਾ ਮਰਨਾ ਹੋਵੇਗਾ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ
ਭਾਇ ਭਗਤਿ ਭੈ ਤਰਣਾ ॥

ਜਮ ਰੂਪੀ ਕਾਲ ਆਪਣੇ ਜਾਲ ਦੁਆਰਾ ਉਸ ਨੂੰ ਜੋਹਿ=ਦੇਖ ਨ=ਨਹੀਂ ਸਾਕੈ=ਸਕੇਗਾ ਭੈ ਦੇ ਸੰਯੁਕਤ ਹੋ ਕੇ ਭਾਇ=ਪ੍ਰੇਮਾ ਭਗਤਿ=ਭਗਤੀ ਕਰਨ ਦੇ ਨਾਲ ਸੰਸਾਰ ਸਾਗਰ ਤੋਂ ਤਰਣਾ ਹੁੰਦਾ ਹੈ।

ਪਤਿ ਸੇਤੀ ਜਾਵੈ ਸਹਜਿ ਸਮਾਵੈ
ਸਗਲੇ ਦੂਖ ਮਿਟਾਵੈ ॥

ਇਸ ਦੁਨੀਆਂ ਵਿਚੋਂ ਜਦੋਂ ਤੂੰ ਪਤਿ=ਇੱਜ਼ਤ ਦੇ ਸਹਿਤ ਜਾਵੇਂਗਾ ਤਾਂ ਸਹਿਜੇ ਹੀ ਪਰਮੇਸ਼ਰ ਦੇ ਵਿਚ ਸ਼ਾਂਤੀ ਨਾਲ ਅਭੇਦ ਹੋ ਜਾਵੇਂਗਾ ਜਿਵੇਂ ਸੱਪ ਕੁੰਜ ਨੂੰ ਛੱਡ ਕੇ ਪਰ੍ਹੇ ਹੋ ਜਾਂਦਾ ਹੈ। ਹਾਥੀ ਆਪਣੀ ਸੁੰਡ ਦੇ ਨਾਲ ਗਲ ਵਿਚ ਪਈ ਮਾਲਾ ਨੂੰ ਲਾਹ ਕੇ ਸੁੱਟ ਦਿੰਦਾ ਹੈ। ਇਸ ਤਰ੍ਹਾਂ ਤੂੰ ਆਪਣੀ ਦੇਹ ਨੂੰ ਤਿਆਗ ਕੇ ਨਿਰਲੇਪ ਹੋ ਜਾਵੇਂਗਾ ਤੇ ਤੈਨੂੰ ਕੋਈ ਸੋਗ ਨਹੀਂ ਹੋਵੇਗਾ। ਫਿਰ ਜਿਹੜੇ ਤੇਰੀ ਸੰਗਤ ਕਰਨਗੇ, ਉਨ੍ਹਾਂ ਦੇ ਅਤੇ ਆਪਣੇ ਸਾਰੇ ਦੁੱਖਾਂ ਨੂੰ ਤੂੰ ਅਰਦਾਸ ਕਰ ਕੇ ਮਿਟਾਵੈ=ਬਖਸ਼ਾ ਲਵੇਂਗਾ ਭਾਵ ਦੁੱਖਾਂ ਤੋਂ ਬਚਾਅ ਲਵੇਂਗਾ।

ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ
ਸਾਚੇ ਤੇ ਪਤਿ ਪਾਵੈ ॥

ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਤੂੰ ਗੁਰਮੁਖ ਬਣ ਕੇ ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ ਬੰਧਨਾਂ ਤੋਂ ਛੁਟੈ=ਮੁਕਤ ਹੋ ਸਕਦਾ ਹੈਂ ਅਤੇ ਸੇਵਾ ਕਰਕੇ ਉਸ ਸੱਚੇ ਪਰਮੇਸ਼ਰ ਦੇ ਨਾਮ ਤੇ=ਦੁਆਰਾ ਪਤਿ=ਇੱਜ਼ਤ ਪ੍ਰਾਪਤ ਕਰ ਸਕੇਂਗਾ।

ਗੁਰੂ ਨਾਨਕ ਆਗਮਨ
(ਸ੍ਰੀ ਗੁਰ ਨਾਨਕ ਚਮਤਕਾਰ)

ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ

(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-51)

ਫੇਰ ਜੇ ਤੁਸੀਂ ਇਕ ਤੋਂ ਵਧੀਕਾਂ ਨਾਲ ਨੇਕੀ ਕਰ ਰਹੇ ਹੋ ਤੇ ਆਪਣੇ ਵਿਤ ਮੂਜਬ ਸਭ ਨੂੰ ਥੋੜ੍ਹਾ-ਥੋੜ੍ਹਾ ਸਹਾਰਾ ਦੇ ਰਹੇ ਹੋ ਤਾਂ ਕੀਹ ਦੇਖੋਗੇ ਕਿ ਹਰੇਕ ਦਾ ਜੀਅ ਚਾਹੇਗਾ ਕਿ ਇਹ ਆਪਣਾ ਸਾਰਾ ਵਿਤ ਮੇਰੇ ਤੇ ਕਿਉਂ ਨਹੀਂ ਖਰਚ ਕਰਦਾ, ਦੂਸਰੇ ਨੂੰ ਕਿਉਂ ਕੁਛ ਦੇਂਦਾ ਹੈ। ਇਸ ਗੱਲੇ ਲਗਭੱਗ ਸਾਰੇ ਤੁਹਾਡੇ ਨਾਲ ਅੰਦਰੋਂ ਤੰਗ ਰਹਿਣਗੇ ਤੇ ਬੇਮਲੂਮੇ ਤੁਹਾਡੇ ਅਸੱਜਣ ਹੋ ਜਾਣਗੇ। ਉਸ ਵੇਲੇ ਤੁਹਾਡਾ ਵੀਚਾਰਸ਼ੀਲ ਮਨ ਕਹੇਗਾ ਤੂੰ ਭਲਾ ਕਰੀ ਜਾਹ ਇਨ੍ਹਾਂ ਵੱਲ ਨਾ ਵੇਖ। ਫੇਰ ਜੇ ਕਿਸੇ ਨੂੰ ਲੋੜ ਹੈ ਸੇਰ ਦੀ ਪਰ ਤੁਹਾਥੋਂ ਸਰਦਾ ਹੈ ਪਾ, ਤਾਂ ਲੈਣ ਵਾਲਾ ਪਾ ਲੈ ਕੇ ਪਾ ਦਾ ਸ਼ੁਕਰ-ਗੁਜ਼ਾਰ ਨਹੀਂ ਹੋਵੇਗਾ, ਪਰ ਤਿੰਨ ਪਾ ਨਾ ਮਿਲ ਸਕਣ ਦਾ ਨਾ-ਸ਼ੁਕਰ ਗੁਜ਼ਾਰ ਹੋਵੇਗਾ। ਤੁਸੀਂ ਅਚਰਜ ਹੋਸੋ ਕਿ ਨਾਲੇ ਮੈਂ ਨੇਕੀ ਕਰਦਾ ਹਾਂ, ਨਾਲੇ ਮੈਨੂੰ ਰੰਜ ਝੱਲਣੇ ਪੈਂਦੇ ਹਨ। ਪਰ ਭਾਈ ਜੀ! ਜੇ ਤੂੰ ਨਾਮ ਦੇ ਲੜ ਲੱਗਾ ਹੈਂ ਤਾਂ ਤੇਰਾ ਹਉਂ ਤੋਂ ਉੱਜਲ ਹੋ ਰਿਹਾ ਮਨ ਕਹੇਗਾ, ਤੂੰ ਜਿੰਨਾਂ ਸਰੇ ਭਲਾ ਕਰ। ਇਹ ਗੁਰੂ ਬਾਬੇ ਦਾ ਹੁਕਮ ਜੋ ਹੋਇਆ, ਗੁਰਮੁਖਿ ਨਾਮੁ ਦਾਨੁ ਇਸਨਾਨੁ।' ਪਰ ਇਸ ਦਾਨ ਪਰ ਟੇਕ ਨਾ ਰੱਖ, ਨਾ ਇਸ ਦਾ ਬਦਲਾ ਚਾਹ, ਨਾ ਕੋਈ ਆਸ ਰੱਖ। ਤੂੰ ਨਾਮ ਜਪ, ਕਲਿਆਨ ਤੇਰੀ ਨਾਮ ਨੇ ਕਰਨੀ ਹੈ। ਏਹੋ ਤੇਰੇ ਜੀ ਦਾ ਆਧਾਰ ਹੈ, ਏਹੋ ਤੇਰੀ ਏਥੇ ਟੇਕ ਹੈ -

ਏਕ ਓਟ ਏਕੋ ਆਧਾਰੁ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ਅੰਗ - ੨੮੯

ਗੁਰਮੁਖ ਦੀ ਟੇਕ ਨਾਮ ਤੇ ਹੈ, ਗੁਰਮੁਖ ਦਾ ਦਾਨ ਖਿੜੇ ਗੁਲਾਬ ਦੀ ਖੁਸ਼ਬੋ ਹੈ ਜੋ ਸੁਤੇ ਸੁਭਾਵ ਦਾਨ ਹੋ ਰਹੀ ਹੈ, ਗੁਰਮੁਖ ਦਾ ਇਸ਼ਨਾਨ ਸਰੀਰ ਮਨ ਤੇ ਆਤਮਾ ਦੀ ਸ਼ੁੱਧੀ ਹੈ। ਨਾਮ ਗੁਰਮੁਖ ਦਾ ਵਾਹਿਗੁਰੂ ਨਾਲ ਸਬੰਧ ਹੈ, ਦਾਨ ਗੁਰਮੁਖ ਦਾ ਜਗਤ ਨਾਲ ਸਬੰਧ ਹੈ। ਇਸ਼ਨਾਨ ਗੁਰਮੁਖ ਦਾ ਆਪੇ ਨਾਲ ਸਬੰਧ ਹੈ। ਤ੍ਰੈਹਾਂ ਨਾਲ ਉਹ ਜੀਂਵਦਿਆਂ ਮੁਕਤ ਰੂਪ ਹੈ। ਇਸ ਆਦਰਸ਼ ਤੋਂ ਵਿਰਵਾ ਹੋ ਕੇ ਜੇ ਤੂੰ ਸੋਚਿਆ ਕਿ ਨੇਕੀ ਦੇ ਬਦਲੇ ਬਦ ਕਿਉਂ ਆ ਚੁੱਕੀ ਹੈ ਤੇ ਮੈਂ ਹੁਣ ਨਹੀਂ ਕਰਾਂਗਾ ਤਾਂ ਇਸ ਅਕਲ ਨਾਲ ਤੇਰਾ ਮਨ ਕੜਾ ਹੋ ਜਾਏਗਾ ਦਇਆ ਤੋਂ ਖਾਲੀ ਤੇ ਖਿਮਾਂ ਤੋਂ ਹੀਨ ਹੋ ਜਾਏਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਹੁਕਮ ਐਉਂ ਸਗੋਂ ਲਿਖਿਆ ਹੈ - ***'ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ '*** ਫਿਰ ਬੀ ਜਦ ਤੂੰ ਲੋਕਾਂ ਦੇ ਜ਼ੁਲਮ ਤੋਂ ਕਿ ਉਹਨਾਂ ਦੇ ਕੁਸੰਗ ਤੋਂ ਕਿ ਆਪਣੇ ਵਿਤੋਂ ਵਧੇਰੇ ਬਲ ਖਰਚ ਤੋਂ ਸਿਥਲਤਾ ਪ੍ਰਤੀਤ ਕਰੇਂ ਤਾਂ ਕੀਰਤਨ ਸੁਣ ਯਾ ਇਕਾਂਤ ਹੈ, ਕੁਦਰਤ ਦੇ ਰੰਗ ਨਾਲ ਮਨ ਮੇਲ, ਕੁਦਰਤ ਦੀ ਇਕਾਂਤ ਦੇ ਰੰਗ ਨਾਲ ਮਨ ਮੇਲ, ਕੁਦਰਤ ਦੀ ਇਕਾਂਤ ਵਿਚ ਸਾਂਈਂ ਨਾਲ ਮਿਲ ਸਫਾ ਹੋ, ਬਲਵਾਨ ਹੋ, ਸ਼ੇਰ ਹੋ, ਫੇਰ ਨਿੱਤਰ। ਕਈ ਵੇਰ ਬਹੁਤ ਉਪਦੇਸ਼ ਦਾਤੇ, ਬਹੁਤੇ ਸੁਧਾਰ ਕਰਨ ਵਾਲੇ, ਜਿਨ੍ਹਾਂ ਨੂੰ ਸੁਧਾਰਦੇ ਹਨ ਉਹਨਾਂ ਦੇ ਕੁਸੰਗ ਨਾਲ ਆਪ ਏਹੋ ਜਿਹੇ ਹਉਂ ਦੇ ਸੇਵਕ, ਮਾਇਆ ਦੇ ਪ੍ਰੇਮੀ, ਦੂਜਾਇਗੀ ਦੇ ਦਾਸ ਬਣ ਜਾਂਦੇ ਹਨ। ਵੀਚਾਰ ਕਰੋ-

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ਅੰਗ - ੧੯੨

ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥
ਅੰਗ - ੧੩੬੫

ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥
ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥
ਨਾਨਕ ਜਾਗੈ ਪਾਰਬ੍ਰਹਮ ਕੈ ਰੰਗਿ ॥ ੪ ॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥
ਇਹ ਪੂੰਜੀ ਸਾਬਤੁ ਧਨੁ ਮਾਲੁ ॥ ਅੰਗ - ੧੮੨

ਇਕਾਂਤ ਤੋਂ ਮਤਲਬ ਘਰਾਂ ਤੋਂ ਨੱਸ ਜਾਣਾ ਨਹੀਂ। ਅਸਲ ਇਕਾਂਤ ਜੋ ਗੁਰੂ ਬਾਬੇ ਨੇ ਦੱਸੀ ਹੈ ਇਹ ਹੈ - ***'ਸੋ ਇਕਾਂਤੀ ਜਿਸੁ ਰਿਦਾ ਥਾਇ॥'*** ਬਾਣੀ ਦੇ ਪਾਠ ਕੀਰਤਨ ਵੀਚਾਰ ਨਾਲ ਮਨ ਜਦ ਨਾਮ ਵਿਚ ਜੁੜਦਾ ਹੈ ਤਾਂ ਮਨ ਏਕਾਂਤ ਹੁੰਦਾ ਹੈ। ਉਹ ਮਨ ਦੀ ਇਸ ਜੁੜਵੀਂ ਦਸ਼ਾ ਦੀ ਰੱਖਿਆ ਲਈ

ਏਕਾਂਤ ਹੁੰਦਾ ਹੈ, ਅਰਥਾਤ ਸਫਾ ਤੇ ਨਿਰਮਲ ਆਲੇ-ਦੁਆਲੇ ਜਾਣ ਦੀ ਲੋੜ ਹੈ। ਰਾਤ ਜਦ ਟੱਬਰ ਸੌਂ ਜਾਏ, ਉਹ ਭੀ ਏਕਾਂਤ ਹੈ। ਕੀਰਤਨ ਵਿਚ ਮਨ ਜੁੜ ਜਾਏ, ਉਹ ਬੀ ਏਕਾਂਤ ਹੈ। ਸਾਈਂ ਦੀ ਕੁਦਰਤ ਦੇ ਨਜ਼ਾਰਿਆਂ ਵਿਚੋਂ ਵਿਸਮਾਦ ਦੀ ਚੋਹ ਲੈ ਕੇ ਰਸ ਵਿਚ ਆ ਜਾਣਾ ਭੀ ਏਕਾਂਤ ਹੈ। ਬਨਾਂ ਵਿਚ ਜਾ ਕੇ, ਛੇਤ੍ਰਹੀਨ ਤੀਰਥਾਂ ਤੇ ਬੈਠ ਕੇ, ਨਿਰਜਨ ਝਾੜੀਆਂ ਵਿਚ ਡੇਰੇ ਲਾ ਕੇ ਭਜਨ ਕਰਨਾ ਔਖਾ ਹੈ, ਸੰਨਿਆਸੀ ਹੋ ਕੇ ਘਰ ਬਾਰ ਛੱਡਣੇ ਖਰੇ ਕਠਨ ਹਨ, ਪਰ ਗੁਰੂ ਬਾਬੇ ਨੇ, ਜੋ ਗ੍ਰਿਹਸਤ ਵਿਚ ਰਹਿ ਕੇ ਪਾਣੀ ਵਿਚ ਕੰਵਲ ਸਮਾਨ ਉਦਾਸ ਰਹਿਣ ਦੀ ਆਗਿਆ ਬਖਸ਼ੀ ਹੈ, ਉਹ ਪਾਲਣੀ ਉਹਨਾਂ ਤੋਂ ਬੀ ਕਠਨ ਹੈ। ਬਨ ਵਿਚ ਮਨ ਉਕਤਾ ਕੇ ਮਨੁੱਖ ਦਾ ਸੰਗ ਲੋਚਦਾ ਹੈ ਤੇ ਜੇ ਮਨ ਨੂੰ ਇਸ ਗੱਲੋਂ ਹੋੜ ਲਈਏ, ਤਾਂ ਇਸ ਹੋੜਨ ਦੀ ਹੀ ਵੱਡੀ ਖੇਚਲ ਹੈ, ਪਰ ਜਲ ਵਿਚ ਖਿੜੇ ਕੰਵਲ ਵਾਂਗੂੰ ਜੇ ਕਿਸੇ ਗ੍ਰਿਹਸਤੀ ਨੂੰ ਨਾਮ ਅਭਿਆਸ ਨਾਲ ਅਲਪਤਾ ਪ੍ਰਾਪਤ ਹੋ ਗਈ ਹੈ ਤਾਂ ਉਸ ਦੇ ਦੁਆਲੇ ਪੈ ਰਹੀ 'ਲਹਿਰ ਪਛਾੜ' ਬੁਰੀ ਡਾਢੀ ਸੈ ਹੈ। ਕੁਸੰਗ ਦੇ ਘੇਰੇ ਵਿਚ ਰਹਿ ਕੇ ਆਪਾ ਸੁਆਰਨਾ ਹਾਂ, ਨਾ ਕੇਵਲ ਆਪਾ ਸੁਆਰਨਾ ਸਗੋਂ ਸਾਕਾਂ ਮਿੱਤਰਾਂ ਦੇ ਨਾ ਟੁੱਟ ਸਕਣ ਵਾਲੇ ਸਬੰਧਾਂ ਵਿਚ ਸਭ ਨਾਲ ਨੇਕੀ ਵਿਚ ਵਰਤਣਾ ਤੇ ਵਰਤਣਾ ਦੁਜਾਇਗੀ ਵਾਲਿਆਂ ਨਾਲ ਦੁਜਾਇਗੀ ਛੱਡ ਕੇ, ਵਰਤਣਾ ਪਾਪ ਰਹਿਤ ਤਰੀਕੇ ਨਾਲ ਉਨ੍ਹਾਂ ਲੋਕਾਂ ਨਾਲ ਕਿ ਜਿਨ੍ਹਾਂ ਨੂੰ ਝੂਠ, ਕੁਸੱਤ, ਫਰੇਬ ਤੋਂ ਕਿਤੇ ਰੋਕ ਥਾਮ ਨਹੀਂ, ਕਿਤੇ ਸ਼ਰਮ ਨਹੀਂ ਤੇ ਜਿਨ੍ਹਾਂ ਦਾ ਕੋਈ ਅਸੂਲ ਨਹੀਂ ਸੌਖਾ ਕੰਮ ਨਹੀਂ ਹੈ। ਹਾਂ, ਫਿਰ ਗ੍ਰਿਹਸਤੀ ਨੂੰ ਰਾਜਾ ਤੇ ਰਾਜਾ ਦੇ ਦੂਤਾਂ ਦੇ ਮੱਲੋ-ਮੱਲੀ ਦੇ ਝੇੜੇ ਗਲੇ ਆ ਪੈਂਦੇ ਹਨ। ਹਾਂ, ਆਪ ਕਮਾਉਣ ਦੇ ਤਰੱਦਦ ਤੇ ਮਿਹਨਤਾਂ, ਬਾਲ ਬੱਚੇ, ਇਸਤ੍ਰੀ ਮਾਤਾ ਪਿਤਾ, ਸਭ ਦੇ ਫਰਜ਼, ਬੀਮਾਰੀਆਂ ਤੇ ਬੀਮਾਰਦਾਰੀਆਂ, ਮੌਤਾਂ ਤੇ ਮਰ ਗਿਆਂ ਤੋਂ ਵਿਛੁੜਿਆਂ ਦੀਆਂ ਦਿਲਦਾਰੀਆਂ, ਗ੍ਰਿਹਸਤ ਵਿਚ ਰਹਿ ਕੇ ਕੌਣ ਹੈ ਜੋ ਇਨ੍ਹਾਂ ਲਹਿਰ ਪਛਾੜਾਂ ਤੋਂ ਵਿਰਵਾ ਰਹਿ ਸਕਦਾ ਹੈ। ਹਾਂ, ਇਸ ਲਹਿਰ ਪਛਾੜ ਵਿਚ ਨਿਰਲੇਪ ਰਹਿਣਾ ਕਿਵੇਂ ਹੋ ਸਕਦਾ ਹੈ, ਜਦ ਤਕ ਕਿ ਨਾਮ ਦਾ ਆਧਾਰ ਅੰਦਰ ਨਾ ਹੋਵੇ। ਖਰੀ ਕਠਨਤਾ ਤਾਂ ਇਹ ਹੈ ਕਿ ਇਹ ਲਹਿਰ-ਪਛਾੜ ਨਾਮ ਅਭਿਆਸ ਤੇ ਸੱਚ ਦੇ ਜੀਵਨ ਬਸਰ ਕਰਨ ਦੇ ਯਤਨ ਵਿਚ ਭਾਰੀ ਵਿਘਨ ਪਾਉਂਦੀ ਹੈ। ਇਉਂ ਗ੍ਰਿਹਸਤ ਉਦਾਸੀ ਦਾ ਮਾਰਗ ਬਹੁਤ ਕਠਨ ਹੈ। ਉਧਰ ਬਨ ਵਿਚ ਰਹਿ ਕੇ ਬਨਵਾਸੀ ਸਾਧੂ ਨੇ, 'ਲਹਿਰ ਪਛਾੜ' ਕਿਸ ਦੀ ਝੱਲਣੀ ਹੈ? ਇਕ ਆਪਣੇ ਮਨ ਦੀ, ਇਕ ਭੁੱਖ ਤ੍ਰੇਹ ਪਾਲੇ ਦੀ ਤੇ ਸਭ ਤੋਂ ਵੱਡੀ ਮਨੁੱਖ ਦੇ ਦਰਸ਼ਨ ਤੋਂ ਵਿਰਵੇ ਹੋਣ ਦੀ, ਜੋ ਬੜੀ ਹੀ ਔਖੀ ਗੱਲ ਹੈ। ਪਰ ਇਨ੍ਹਾਂ ਸਭਨਾਂ ਮੁਸ਼ਕਲਾਂ ਦਾ ਲੰਮਾਉ ਚੁੜਾਉ ਆਪੇ ਤੇ ਹੀ ਮੁੱਕ ਜਾਂਦਾ ਹੈ, ਓਥੇ ਉਪਕਾਰ ਚੁੜਾਉ ਆਪੇ ਤੇ ਹੀ ਮੁੱਕ ਜਾਂਦਾ ਹੈ, ਓਥੇ ਉਪਕਾਰ ਕਿਸ ਤੇ ਕਰਨਾ ਹੈ ਤੇ ਰੋਸ ਕਿਸ ਦੇ ਝੱਲਣੇ ਹਨ। ਪਰ ਗ੍ਰਿਹਸਤ ਵਿਚ ਜੋ ਨਾਮੀ ਪੁਰਖ ਬੈਠਾ ਹੈ ਉਹ ਪਰਿਵਾਰ ਦੀ ਬੀਮਾਰੀ ਵੇਲੇ ਕਿੱਥੇ ਭੱਜੇਗਾ, ਘਰ ਵਿਚ ਕਿਸੇ ਸਬੰਧੀ ਦੇ ਵਿਧਵਾ ਯਾ ਮਹਿੱਟਰ ਹੋਣ ਸਮੇਂ ਕੀਕੂੰ ਆਪ ਰੋਟੀ ਖਾਏਗਾ ਤੇ ਉਨ੍ਹਾਂ ਨੂੰ ਭੁੱਖਾ ਦੇਖ ਸਕੇਗਾ। ਇਸ ਨੂੰ ਜ਼ਰੂਰ ਸੇਵਾ ਉਪਕਾਰ ਦੇ ਵੇਲੇ ਆਉਣਗੇ। ਇਸ ਦੇ ਮਨ ਨੇ ਦੂਜਾਇਗੀ ਤੋਂ ਰਹਿਤ ਹੋਣਾ ਹੈ, ਪਰ ਪੀੜਾ ਹਰਨਾ ਇਸ ਦਾ ਇਕ ਸੁਭਾਵ ਹੋਣਾ ਹੈ। ਹਉਂ ਨਾਲ, ਦਿਖਾਵੇ ਨਾਲ, ਇਸ ਨੇ ਕੁਛ ਨਹੀਂ ਕਰਨਾ। ਇਸ ਨੇ ਉੱਚੇ ਅਸੂਲਾਂ ਤੇ ਖੜੋਕੇ ਆਪਾ ਨਿਵਾਰ ਕੇ ਨੇਕੀ ਕਰਨੀ ਹੈ, ਇਸ ਨੇਕੀ ਨੇ ਵਕਤ, ਧਨ, ਬਲ, ਬੁੱਧੀ ਸਾਰੇ ਤੇ ਵੰਗਾਰ ਪਾਉਣੀ ਹੈ। ਗ੍ਰਿਹਸਤੀ ਨਾਮ ਵਾਲੇ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖਤੀਆਂ, ਜ਼ੁਲਮ ਤੇ ਅਨਿਆਇ ਸਹਾਰਨੇ ਹਨ। ਅਰਥਾਤ ਗ੍ਰਿਹਸਤੀ ਨਾਮ-ਪ੍ਰੇਮੀ ਨੇ ਆਪੇ ਤੇ ਟਿਕਣਾ ਤੇ ਫੇਰ ਇਸ ਲਹਿਰ-ਪਛਾੜ ਨਾਲ ਆਪ ਨੂੰ ਟੁੱਟਣ ਨਹੀਂ ਦੇਣਾ। ਗੁਰੂ ਬਾਬੇ ਦਾ ਇਹੋ ਹੁਕਮ ਹੈ, ਇਹੋ ਠੀਕ ਹੈ, ਇਹੋ ਕਰਨਾ ਹੈ, ਕਿਉਂਕਿ ਇਸੇ ਵਿਚ ਰਹਿ ਕੇ ਤੇ ਵਰਤ ਕੇ ਮਨ ਤੇ ਸੁਰਤ ਨੇ ਪੱਕਣਾ ਹੈ ਤੇ ਸਭ ਮਾੜੇ ਅਸਰਾਂ ਨਾਲ ਜੁੱਧ ਕਰ ਕਰਾ ਕੇ ਉੱਚੇ ਉਠਣਾ ਹੈ। ਭਾਂਡਿਆਂ ਵਿਚ ਪਾ ਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨ੍ਹੇਰੀਆਂ ਤੇ ਧੁੱਪਾਂ ਸਹਿ ਡਾਲੀਆਂ ਨਾਲ ਲੱਗੇ ਰਹਿ ਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ। ਗੁਰੂ ਬਾਬੇ ਦਾ ਫੁਰਮਾਨ ਸੱਚਾ ਤੇ ਸੁੱਚਾ ਹੈ। ਅਤੀਤ ਮਾਰਗ ਵਿਚ ਬੀ ਡੇਰੇਦਾਰ ਸੰਤਾਂ ਲਈ ਤੇ ਪ੍ਰਚਾਰ ਕਰਨ ਵਾਲੇ ਭਲਿਆਂ ਲਈ ਆਪਣੀ ਕਿਸਮ ਦੀ ਲਹਿਰ-ਪਛਾੜ ਆਉਂਦੀ ਹੈ ਜੋ ਬੜੀ ਕਠਨ ਹੁੰਦੀ ਹੈ।

'ਚਲਦਾ..... /'

ਜ਼ਰੂਰੀ ਸੂਚਨਾ

ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

FW FASTWAY

ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ

ਸਮਾਂ ਹਰ ਰੋਜ਼ - ਸਵੇਰੇ
4.45 ਤੋਂ 6.45 ਤੱਕ (2 ਘੰਟੇ)

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।

ਫਲਗੁਣਿ ਸੰਗਰਾਂਦ - 12 ਫਰਵਰੀ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)

ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

